# ਵਰਿਆਮ

ਜੁਲਾਈ ੧੯੯੯

ਮੁਰਸ਼ਿਦ ਉਹ ਸਹੇੜੀਏ ਜਿਹੜਾ ਦੋ ਜਗ ਖੁਸ਼ੀ ਵਿਖਾਵੇ ਹੂ
ਪਹਿਲੇ ਗ਼ਮ ਟੁਕੜੇ ਦਾ ਮੇਟੇ, ਵੱਤ ਰੱਬ ਦਾ ਰਾਹ ਸੁਝਾਵੇ ਹੂ
ਕਲਰ ਵਾਲੀ ਕੰਧੀ ਨੂੰ ਚਾ ਚਾਂਦੀ ਖਾਸ ਬਣਾਵੇ ਹੂ
ਜਿਸ ਮੁਰਸ਼ਿਦ ਇੱਥ ਕੁਝ ਨਾ ਕੀਤਾ. ਕੂੜੇ ਲਾਰੇ ਲਾਵੇ ਹੂ

—ਸੁਲਤਾਨ ਬਾਹੂ



ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਐਸੇ ਮੁਰਸ਼ਦ ਸਨ ਜਿਨ੍ਹਾਂ ਅਪਣੀ ਉੱਮਤ ਨੂੰ ਦੋ ਜੱਗ ਖੁਸ਼ੀ ਵਿਖਾਈ। ਟੁਕੜੇ (ਰੋਟੀ) ਦਾ ਗਮ ਵੀ ਮੇਟਿਆ ਅਤੇ ਰੱਬ ਦਾ ਰਾਹ ਵੀ ਵਿਖਾਇਆ। ਹੋਰਨਾਂ ਕਾਰਜਾਂ ਤੋਂ ਇਲਾਵਾ ਆਪ ਜੀ ਨੂੰ ਗਊ ਨਸਲ ਦੀ ਉਨਤੀ ਕਰਕੇ ਦੁੱਧ ਅਤੇ ਕਿਸਾਨ ਵਾਸਤੇ ਬੈਲ ਉਪਲਬਧ ਕਰੌਣ ਦਾ ਅਮਲੀ ਅਤੇ ਸਫਲ ਕਾਰਜ ਕਰਮ ਲਾਗੂ ਕੀਤਾ। ਆਪ ਜੀ ਦੇ ਜਨਮ ਸ਼ਤਾਬਦੀ ਸਾਲ ਵਿਚ ਪੰਡਿਤ ਰਾਜਿੰਦਰ ਸਿੰਘ ਦਾ ਲੇਖ ''ਗਊ ਮਾਤਾ ਕਿਓਂ'' ਅੰਦਰ ਪ੍ਰਕਾਸ਼ਤ ਹੈ।

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

## ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

https://archive.org/details/namdhari

WITH BEST COMPLIMENTS FROM:

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA


ਵਰਿਆਮ ਜੁਲਾਈ ੧੯੮੯

https://archive.org/details/namdhari

**ਵਰਿਆਮ**

ਜੁਲਾਈ—੧੯੮੯ ਜਿਲਦ—੧੪ ਅੰਕ—੯

## ਤੁਹਾਡੇ ਰੂਬਰੂ

ਪਤਰਕਾਰੀ ਵਰਗ ਤੇ ਵਰਤਮਾਨ ਸਮਾਂ ਸ਼ਾਇਦ ਸਭ ਤੋਂ ਵਧ ਸੰਕਟਮਈ ਹੈ। ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਅਖਬਾਰ ਰਸਾਲੇ ਤੇ ਇਸ ਦਾ ਅਸਰ ਹੈ। ਮਹਿੰਗਾਈ ਨੇ ਚਹੁੰ ਪਾਸਿਓਂ ਯਲਗਾਰ ਪਾਈ ਹੈ। ਕਾਗਜ਼ ਹਰ ਵਾਰ ਅਗੇ ਤੋਂ ਮਹਿੰਗਾ ਮਿਲਦਾ ਹੈ। ਛਪਾਈ ਦੇ ਰੇਟ ਉਪਰ ਤੋਂ ਉਪਰ ਹੀ ਚਲੇ ਜਾ ਰਹੇ ਹਨ। ਡਾਕ ਦੇ ਰੇਟ ਵੀ ਵਧਦੇ ਹੀ ਤੁਰੇ ਗਏ ਹਨ। ਬਹੁਤ ਸਾਰੇ ਅਖਬਾਰ ਬੰਦ ਹੋ ਗਏ ਹਨ। ਬਾਕੀਆਂ ਨੇ ਮਜਬੂਰਣ ਅਪਣੇ ਰੇਟ ਵਧਾਏ ਹਨ। ਪਰ ਇਹ ਹੱਲ ਨਹੀਂ ਹੈ।

ਵਰਿਆਮ ਵੀ ਇਸ ਸਥਿਤੀ ਵਿਚ ਬਹੁਤ ਲਤਾੜਿਆ ਗਿਆ ਹੈ। ਅਸੀਂ ਬਹੁਤ ਸਾਰੇ ਸੁਜਨਾਂ ਨੂੰ ਚਿਠੀਆਂ ਪਾਈਆਂ ਹਨ ਜਿਨ੍ਹਾਂ ਵਿਚ ਉਹਨਾਂ ਦੇ ਬਕਾਇਆ ਚੰਦਿਆਂ ਦਾ ਵੇਰਵਾ ਹੈ। ਇਹ ਰਕਮ ਹਜ਼ਾਰਾਂ ਰੁਪਏ ਤਕ ਜਾ ਪੁੱਜੀ ਹੈ। ਸਾਡੀਆਂ ਚਿਠੀਆਂ ਦੇ ਉਤਰ ਵਿਚ ਜੋ ਹੁੰਗਾਰਾ ਆਇਆ ਹੈ ਸਾਨੂੰ ਦਸਦਿਆਂ ਸੰਗ ਆ ਰਹੀ ਹੈ ਕਿ ਉਸ ਨਾਲ ਚਿੱਠੀ ਪਤਰ ਦਾ ਖਰਚਾ ਹੀ ਨਿਕਲ ਸਕਿਆ ਹੈ। ਮਜਬੂਰ ਹੋ ਕੇ ਅਸੀਂ ਅਪਣੇ ਇਹਨਾਂ ਸਜਨਾਂ ਨੂੰ ਪਰਚਾ ਭੇਜਣਾ ਬੰਦ ਕਰ ਦਿਤਾ ਹੈ। ਇਹਨਾਂ ਵਿਚੋਂ ਕਈ ਕਹਿੰਦੇ ਕਹਾਉਂਦੇ ਬੰਦੇ ਵੀ ਹਨ। ਖੈਰ

ਅਸੀਂ ਅਜੇ ਪਰਚੇ ਦੀ ਕੀਮਤ ਨਹੀਂ ਵਧਾਉਣਾ ਚਾਹੁੰਦੇ। ਅਸੀਂ ਵਿਸ਼ੇਸ਼ ਅਪੀਲ ਕਰਦੇ ਹਾਂ। ਅਪਣੇ ਸਾਰੇ ਦੋਸਤਾਂ, ਮਿਤਰਾਂ, ਸ਼ੁਭ ਚਿੰਤਕਾਂ ਅਤੇ ਪਿਆਰਿਆਂ ਕੋਲ। ਤੁਸੀਂ ਥੋੜਾ ਥੋੜਾ ਭਾਰ ਚੁੱਕੋ ਤਾਂ ਅਸੀਂ ਤੁਹਾਡੀ ਸੇਵਾ ਜਾਰੀ ਰਖ ਸਕਦੇ ਹਾਂ। ਹਰ ਮਹੀਨੇ ਛੋਟਾ ਮੋਟਾ ਇਸ਼ਤਿਹਾਰ, ਮਾਇਕ ਸਹਾਇਤਾ, ਜੀਵਨ ਮੈਂਬਰੀ ਦਾ ਚੰਦਾ ਅਤੇ ਸਾਧਾਰਣ ਚੰਦਾ ਭੇਜਦੇ ਰਹੋ। ਹੋਰ ਗਾਹਕ ਬਨਾਉਣ ਲਈ ਹੰਭਲਾ ਮਾਰਦੇ ਰਹੋ ਤਾਂ ਅਸੀਂ ਤੁਹਾਡੇ ਵਿਸ਼ੇਸ਼ ਸ਼ੁਕਰਗੁਜ਼ਾਰ ਹੋਵਾਂਗੇ।

ਇਹ ਵਰਿਆਮ ਦੇ ਨਾਲ ਨਾਲ ਤੁਹਾਡੀ ਆਪਣੀ ਇਜ਼ਤ ਦਾ ਵੀ ਪ੍ਰਸ਼ਨ ਹੈ।

ਸਾਡੇ ਜੀਵਨ ਸਹਾਇਕ ਕਾਰੋਬਾਰੀ ਹਸਤੀਆਂ ਤੇ ਸਾਨੂੰ ਬਹੁਤ ਮਾਨ ਹੈ। ਉਹਨਾਂ ਸਦਕਾ ਵਰਿਆਮ ਚਲੀ ਜਾ ਰਿਹਾ ਹੈ। ਅਸੀਂ ਆਸ ਕਰਦੇ ਹਾਂ ਕਿ ਵਰਿਆਮ ਨੂੰ ਦਿਤੇ ਇਸ਼ਤਿਹਾਰਾਂ ਦੇ ਦਰਾਂ ਵਿਚ ਵਾਧਾ ਕਰਕੇ ਸਦਾ ਵਾਂਗ ਇਸ ਦਾ ਹੱਥ ਫੜਣਗੇ।

ਕੁਝ ਉਪ੍ਰੋਕਤਨ ਕਾਰਨ ਅਤੇ ਕੁਝ ਸੰਪਾਦਕ ਦੇ ਰੁਝੇਵਿਆਂ ਕਾਰਨ ਹਥਲੇ ਅੰਕ ਵਿਚ ਬਹੁਤ ਅਹਿਮ ਰਿਪੋਰਟਾਂ ਲਗਣੋਂ ਰਹਿ ਗਈਆਂ ਹਨ। ਅਗਲੇ ਅੰਕ ਵਿਚ ਉਹ ਪ੍ਰਕਾਸ਼ਤ ਕਰਾਂਗੇ।

ਥੋੜੇ ਲਿਖੇ ਨੂੰ ਬਹੁਤਾ ਸਮਝਣਾ।

—ਜਗਦੀਸ਼ ਸਿੰਘ


| ਦਫਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੋਰ ਮਿਲ) | Ladowali Road, |
| ਜਲੰਧਰ(੧੪੪੦੦੧ | (Near Madan Flour Mill |
| | Jalandhar-144001 |


### ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ਸਾਲ ਵਾਸਤੇ | | ੧੦੦.੦੦ ,, |
| ਪੰਜ ਸਾਲ ਵਾਸਤੇ | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦.੦੦ ,, |
| | ਸਮੁੰਦਰੀ | ੮੦.੦੦ ,, |
| ਅਰਬ ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦.੦੦ ,, |
| | ਸਮੁੰਦਰੀ | ੮੦.੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦.੦੦ ,, |
| | ਸਮੁੰਦਰੀ ਡਾਕ | ੮੦.੦੦ ,, |

### ਵਰਿਆਮ ਦੇ ਨਵੇਂ ਫੋਨ ਨੰਬਰ

ਦਫਤਰ : 5 7 4 5 6 / 5 7 5 4 7 P. P.

ਘਰ : 5 6 2 8 9



Sri Satguru Jagjit Singh Ji eLibrary NamdhariElibrary@gmail.com

# ਗਊ ਮਾਤਾ ਕਿਉਂ ?

**—ਰਾਜਿੰਦਰ ਸਿੰਘ ਗੁਰੂਸਰ**

ਬਹੁਤ ਪੁਰਾਣੀ ਗੱਲ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਮੈਨੂੰ ਤਬੇਲੇ ਵਿਚ ਗਾਈਆਂ ਵਖਾ ਰਹੇ ਸਨ। ਕਹਿਣ ਲਗੇ ਆਹ ਓਹ ਗਾਂ ਹੈ, ਜਿਸਦਾ ੩੯ ਸੇਰ ਦੁਧ ਅਤੇ ਸਵਾ ਦੋ ਸੇਰ ਮੱਖਣ ਰੋਜ਼ਾਨਾ ਦਾ ਜੋਖਿਆ ਗਿਆ ਹੈ। ਏਸ ਗਾਂ ਦੀ ਨਾਨੀ ਮਾਂ ਗੁਰੂਸਰ ਤੋਂ ਆਈ ਸੀ। ਤੈਨੂੰ ਮੈਂ ਉਸਦੀ ਕਹਾਣੀ ਸੁਣੌਂਦਾ ਹਾਂ।

ਮੇਰੀ, ਮਾਤਾ ਜਿਉਣ ਕੌਰ ਨਾਲ ਤਿੱਖੀ ਤੂੰ ਤੜੱਕ ਹੋ ਗਈ ਸੀ। ਮੈਂ ਬਿਨਾਂ ਕਿਸੇ ਨੂੰ ਦਸੇ ਆਪਣਾ ਕਛੈਹਰਾ ਪਰਨਾ ਅਤੇ ਕੁਝ ਪਾਠੀ ਸਿੰਘ ਨਾਲ ਲੈ ਬੀੜ ਵਿਚ ਆ ਗਿਆ। ਭੈਣੀ ਸਾਹਿਬ ਅਸਲੋਂ ਕਿਸੇ ਨੂੰ ਪਤਾ ਨਹੀਂ ਸੀ, ਕਿ ਮੈਂ ਕਿਥੇ ਹਾਂ। ਨਕਦੀ ਦੇ ਰੂਪ ਵਿਚ ਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ। ਰਾਤ ਨੂੰ ਜਿਉਂ ਤੁਰੇ ਜਿਉਂ ਤੁਰੇ ਦਿਨ ਚੜ੍ਹਦੇ ਨੂੰ ਬੀੜ ਵਿਚ ਪਹੁੰਚ ਗਏ।

ਬੀੜ ਵਿਚ ਗਾਈਆਂ ਵੀ ਸਨ ਅਤੇ ਥੋੜੀ ਜਿੰਨੀ ਖੇਤੀ ਵੀ ਹੈ ਸੀ। ਖੇਤੀ ਅਤੇ ਗਾਈਆਂ ਦੀ ਦੇਖ ਭਾਲ ਉਤੇ ਕੁਝ ਸਿੰਘ ਵੀ ਉਥੇ ਰਹਿੰਦੇ ਸਨ। ਜਿਸ ਕਰਕੇ ਬਹੁਤੀ ਪ੍ਰੇਸ਼ਾਨੀ ਨਹੀਂ ਸੀ ਹੋਈ ਸਾਨੂੰ। ਅਸਲੋਂ ਸਾਦਾ ਜਿਹੀ ਰਿਹਾਇਸ਼ ਮਿਲ ਗਈ ਸੀ ਸਾਨੂੰ। ਇਸ਼ਨਾਨ ਪਾਣੀ ਕੀਤਾ। ਪ੍ਰਸ਼ਾਦੇ ਛਕੇ ਅਤੇ ਬਰਾਜ ਗਏ।

ਪਿਛਲੇ ਪਹਿਰ ਉਠ ਕੇ ਸਕੀਮ ਬਣਾਈ ਗਈ ਕਿ ਅਖੰਡ ਪਾਠਾਂ ਦੀ ਲੜੀ ਤੋਰੀ ਜਾਏ। ਜੰਗ ਸਿੰਘ, ਮਾਘਾ ਸਿੰਘ, ਸੰਤ ਇੰਦਰ ਸਿੰਘ ਚਕ੍ਰਵਰਤੀ, ਭਾਈ ਵਜ਼ੀਰ ਸਿੰਘ ਤਾਂ ਮੇਰੇ ਨਾਲ ਹੀ ਸਨ। ਭਾਈ ਜੀ ਨੂੰ ਤਾਂ ਅਸੀਂ ਪਹਿਰੇ ਉਤੇ ਲਾ ਦਿਤਾ। ਏਸ ਤਰ੍ਹਾਂ ਅਸੀਂ ਚੌਹਾਂ ਨੇ ਪਾਠ ਸ਼ੁਰੂ ਕਰ ਦਿਤੇ। ਪਾਠੀ ਅਸੀਂ ਸਾਰੇ ਹੀ ਬਹੁਤ ਤੇਜ਼ ਸਾਂ, ਏਸ ਵਾਸਤੇ ਬਾਰਾਂ ਪਹਿਰਾਂ ਪਿਛੋਂ ਅਖੰਡ ਪਾਠ ਦਾ ਭੋਗ ਪਾ ਦਿੰਦੇ।

ਅਖੰਡ ਪਾਠਾਂ ਵੇਲੇ—ਚਕ੍ਰਵਰਤੀ, ਜੰਗ ਸਿੰਘ ਤੇ ਮਾਘਾ ਸਿੰਘ ਅਮੂਮਨ ਮੇਰੇ ਨਾਲ ਹੀ ਹੁੰਦੇ। ਪਾਠਾਂ ਦਾ ਤਾਂ ਸਾਨੂੰ ਚਾਅ ਹੀ ਚੜ੍ਹ ਜਾਂਦਾ। ਆਟਾ ਤਾਂ ਵਾਧੂ ਸੀ, ਪਰ ਘੀ ਜੋ ਥੋੜਾ ਬਹੁਤ ਸਾਧਾਂ ਨੇ ਜੋੜਿਆ ਸੀ—ਦੋਂਹ ਚੌਂਹ ਦਿਨਾ ਵਿਚ ਖਤਮ ਹੋ ਗਿਆ। ਸਾਡੇ ਕੋਲ ਰਹਿ ਗਿਆ ਗਾਂ ਦਾ ਦੁਧ—ਜੋ ਸਾਡੇ ਗੁਜ਼ਾਰੇ ਜੋਗਾ ਤਾਂ ਹੈ ਈ ਸੀ।

"ਆਪੇ ਜਾਂਞੀ, ਆਪੇ ਮਾਞੀ ਆਪ ਵਜਾਏ ਤੂਰਾ"

ਵਾਂਗ ਲੰਗਰ ਪਾਣੀ ਦਾ ਪ੍ਰਬੰਧ ਵੀ ਸਾਨੂੰ ਆਪ ਹੀ ਕਰਨਾ ਪੈਂਦਾ ਸੀ। ਗਾਂ, ਜੋ ਮੇਰੇ ਸਹੁਰਾ ਸਾਹਿਬ ਸ੍ਰ: ਸੁੰਦਰ ਸਿੰਘ ਨੇ ਗੁਰੂ ਸਰ ਤੋਂ ਭੇਜੀ ਸੀ, ਓਹੋ ਹੀ ਦੁਧ ਦਿੰਦੀ ਸੀ। ਮੈਂ ਸਾਰਿਆਂ ਨੂੰ ਕਹਿ ਦਿਤਾ ਸੀ ਕਿ ਮੈਨੂੰ ਪ੍ਰਸ਼ਾਦਾ ਅਨਚੋਪੜਿਆ ਦੇ ਦਿਆ ਕਰੋ। ਦੁੱਧ ਵਿਚੋਂ, ਮੇਰਾ ਹਿੱਸਾ ਜਿੰਨਾਂ ਬਣੇ ਉਹ ਮੈਨੂੰ ਜ਼ਰੂਰ ਦੇ ਦਿਆ ਕਰੋ।

ਓਸ ਵੇਲੇ ਗਾਂ ਦਾ ਦੁਧ, ਚਾਰ ਸੇਰ ਸ਼ਾਮ ਨੂੰ ਅਸੀਂ ਚੋ ਲੈਂਦੇ ਸਾਂ। ਏਹੋ ਹੀ ਸਾਡੇ ਵਾਸਤੇ ਬਹੁਤ ਸੀ। ਲਾਂਗਰੀ ਮੇਰੇ ਹਿਸੇ ਦਾ ਦੁੱਧ ਮੈਨੂੰ ਸੁਭਾ ਸ਼ਾਮ ਦੇ ਦਿੰਦੇ ਅਤੇ ਬਾਕੀ ਦਾ ਜਮਾਕੇ—ਘੀ ਨਾਲ ਪ੍ਰਸ਼ਾਦੇ ਚੋਪੜ ਲੈਂਦੇ ਅਤੇ ਲੱਸੀ ਜੋ ਦੁਧ ਨਾਲੋਂ ਵੀ ਪਿਆਰੀ ਸੀ—ਛਕ ਲੈਂਦੇ। ਘਿਉ ਨਾ ਹੋਣ ਕਰਕੇ, ਪ੍ਰਸ਼ਾਦ ਤਾਂ ਮਸਾਂ ਛਟਾਂਕ ਪਾਈਏ ਦਾ ਹੀ ਕਰਕੇ ਸਾਰ ਲੈਂਦੇ ਅਖੰਡ ਪਾਠ ਦਾ ਭੋਗ ਪੈਣ ਵੇਲੇ।

ਹੋਲੀ ਹੌਲੀ ਸਾਧ ਸੰਗਤ ਨੂੰ ਦੱਸ ਪੈਣੀ ਸ਼ੁਰੂ ਹੋ ਗਈ। ਏਸ ਤਰ੍ਹਾਂ ਰਸਦਾਂ ਵੀ ਮੈਣ ਦੁਆਬ ਅਤੇ ਪਟਿਆਲੇ ਦੇ ਪਿੰਡਾਂ ਵਿਚੋਂ ਔਣੀਆਂ ਸ਼ੁਰੂ ਹੋ ਗਈਆਂ ਅਤੇ ਪਾਠੀ ਤੇ ਸੇਵਾਦਾਰ ਵੀ ਹੋਰ ਪਹੁੰਚ ਗਏ। ਰੌਣਕ ਤਾਂ ਬਹੁਤ ਹੋ ਗਈ ਸੀ। ਪਰ ਦੁਧ ਵਲੋਂ ਗੁਰੂਸਰ ਵਾਲੀ ਗਾਂ ਹੀ ਸੀ। ਜੋ ਸਾਡਾ ਕੰਮ ਸਾਰੀ ਜਾਂਦੀ ਸੀ।

ਹੁਣ ਸਾਡੇ ਉਤੇ ਜੇਠ ਹਾੜ੍ਹ ਦੇ ਕਰੜੇ ਦਿਨ ਆ ਗਏ ਸਨ। ਮੈਂ ਸਾਰਿਆਂ ਨੂੰ ਕਹਿ ਦਿਤਾ ਸੀ ਏਸ ਗਾਂ ਨੂੰ ਬਿਲਕੁਲ ਖੁਲ੍ਹੀ ਫਿਰਨ ਦਿਓ। ਜਿਥੇ ਏਸ ਦਾ ਜੀ ਕਰੇ ਫਿਰੇ। ਕੋਈ ਰੋਕ ਨਹੀਂ ਇਸਨੂੰ। ਜੇ ਓਹ ਸਾਡੇ ਕੋਲ ਔਂਦੀ ਤਾਂ ਅਸੀਂ ਲੰਗਰ ਦਾ ਬਚਿਆ ਪ੍ਰਸ਼ਾਦਾ ਜਾਂ ਆਟੇ ਦਾ ਪੇੜਾ ਵੀ ਉਸਨੂੰ ਛਕਾ ਦਿੰਦੇ। ਪੈਲੀ ਵਿਚ ਵੀ ਖੁਲ੍ਹੀ ਫਿਰਦੀ ਰਹਿੰਦੀ। ਸਵੇਰੇ ਸ਼ਾਮ ਅਵਾਜ਼ਾਂ ਮਾਰਕੇ ਦੁਧ ਚੁਆ ਜਾਂਦੀ। ਲਗਾਤਾਰ ਓਸ ਨਾਲ ਸਾਡਾ ਲਗਾਉ ਵਧਦਾ ਚਲਾ ਗਿਆ। ਦੁਪੈਹਰਾ ਵੀ ਓਹ ਸਾਡੇ ਕੋਲ ਕਿਕਰਾਂ ਥਲੇ ਆਕੇ ਕੱਟਦੀ। ਪਾਣੀ ਵੀ ਖੂਹ ਉਤੇ ਹੀ ਆਕੇ ਪੀਂਦੀ।

ਮਹਾਰਾਜਾ ਨਾਭਾ ਨੇ ਗਊਆਂ ਵਾਸਤੇ ਹੀ ੯੦ ਮੁਰਬੇ ਦਾ ਏਹ ਬੀੜ ਸ੍ਰੀ ਭੈਣੀ ਸਾਹਿਬ ਦੇ ਲੰਗਰ ਨੂੰ ਦਾਨ ਸਰੂਪ ਭੇਟਾ ਕੀਤਾ ਸੀ। ਏਹ ਸਾਰਾ ਬੀੜ ਹੀ ਓਸ ਵੇਲੇ ਭਾਰੀ ਜੰਗਲ ਸੀ। ਚੋਰ ਡਾਕੂ ਵੀ ਏਥੇ ਆਕੇ ਲੁਕ ਜਾਂਦੇ ਸਨ। ਸਿਰ ਸਿਰ ਜਿਡਾ ਘਾਹ; ਸਾਉਣ ਭਾਦੋਂ ਦੇ ਮਹੀਨੇ ਹੋ ਜਾਂਦਾ ਸੀ। ਜਿਸ ਵਿਚ ਜੰਗਲੀ ਸੂਰ, ਹਿਰਨ, ਸਹੇ, ਸੇਹਾਂ, ਗਿੱਦੜ ਬਘਿਆੜ ਅਤੇ ਰੋਝ ਚੀਤਲ ਫਿਰਦੇ ਰਹਿੰਦੇ ਸਨ। ਸੈਂਕੜੇ ਗਾਂਈਆਂ ਵੀ ਏਥੇ ਭੈਣੀ ਸਾਹਿਬ ਦੀਆਂ ਚਰਦੀਆਂ ਰਹਿੰਦੀਆਂ ਸਨ। ਜੋ ਦੁਧੋਂ ਟਲੀਆਂ ਹੁੰਦੀਆਂ। ਜਾਂ ਗਊਸ਼ਾਲਾ ਦੀ ਤਰਾਂ ਹਮੇਸ਼ਾਂ-ਹਮੇਸ਼ਾਂ ਲਈ ਪਛੜ ਹੁੰਦੀਆਂ ਉਹਨਾਂ ਦਾ ਗੁਜ਼ਾਰਾ ਵੀ ਏਥੇ ਵਧੀਆ ਹੁੰਦਾ ਜਾਂਦਾ ਸੀ। ਬੀੜ ਦੇ ਵਿਚਾਲਿਓਂ ਬਰਸਾਤੀ ਨਾਲਾ ਲੰਘਦਾ ਸੀ। ਜੋ ਸਾਰੇ ਬੀੜ ਨੂੰ ਸਿੰਜਦਾ ਸੀ ਅਤੇ ਬੀੜ ਦੇ ਛਪੜਾਂ ਤੇ ਟੋਇਆਂ ਨੂੰ ਪਾਣੀ ਨਾਲ ਭਰ



Sri Satguru Jagjit Singh Ji eLibrary NamdhariElibrary@gmail.com

ਦਿੰਦਾ ਸੀ। ਇਹਨਾਂ ਛਪੜਾਂ ਉਤੇ ਹੀ ਜੰਗਲੀ ਜੀਵਾਂ ਤੇ ਗਾਈਆਂ ਦਾ ਗੁਜ਼ਾਰਾ ਹੁੰਦਾ ਸੀ ਪਾਣੀ ਦਾ। ਰਾਮ ਗਊਆਂ ਵੀ ਬੀੜ ਵਿਚ ਆ ਡੇਰੇ ਜਮੌਂਦੀਆਂ ਸਨ। ਗਿੱਦੜ, ਬਘਿਆੜ ਕਦੇ ਕਦੇ ਰਾਖਿਆਂ ਵਾਸਤੇ ਬੜੀ ਬਿਪਤਾ ਖੜੀ ਕਰ ਦਿੰਦੇ ਸਨ ਜਦੋਂ ਕੋਈ ਗਾਂ ਜੰਗਲ ਵਿਚ ਸੂ ਪੈਂਦੀ। ਉਸਦੇ ਬਛੜੇ ਨੂੰ ਖਾਣ ਦੀ ਕੋਸ਼ਸ਼ ਕਰਦੇ। ਪਰ ਸਾਡੇ ਸਿੰਘਾਂ ਦੀ ਚੌਕਸੀ ਕਰਕੇ ਬੱਚਤ ਹੋ ਜਾਂਦੀ। ਛੇਤੀ ਕੀਤਿਆਂ ਗਾਂ ਵੀ ਕਿਸੇ ਨੂੰ ਨੇੜੇ ਨਹੀਂ ਸੀ ਲਗਣ ਦਿੰਦੀ। ਪਰ ਬਹੁਤਿਆਂ ਅਗੇ ਕੀ ਪੇਸ਼ ਜਾ ਸਕਦੀ ਹੈ।

ਸਤਿਗੁਰੂ ਜੀ ਫੁਰਮਾਇਆ, ਕਿਵੇਂ ਕਿਵੇਂ ਜੇਠ ਹਾੜ ਦੇ ਦਿਨ ਵੀ ਲੰਘ ਗਏ। ਇਹ ਰਾਠੀ ਗਾਂ ਲਗਾਤਾਰ ਇਕਸਾਰ ੮ ਸੇਰ ਦੁਧ ਰੋਜ਼ਾਨਾ ਸਾਨੂੰ ਦਿੰਦੀ ਰਹੀ। ਅੱਧ ਹਾੜ ਨੂੰ ਇਕ ਹਲਕੀ ਜੇਹੀ ਬਾਰਸ਼ ਹੋਈ ਜਿਸ ਨਾਲ ਮੌਸਮ ਸੁਹਾਣਾ ਹੋ ਗਿਆ। ਥੋੜੀ ਜਿੰਨੀ ਹਰੇਵਾਈ ਨਾਲ ਹੀ ਸਾਨੂੰ ਸ਼ੱਕ ਹੋ ਗਿਆ ਜਿਵੇਂ ਗਾਂ ਦਾ ਦੁਧ ਵਧ ਗਿਆ ਹੋਵੇ। ਸਾਉਣ ਵਿਚ ਜਦੋਂ ਬਾਰਸ਼ ਖੁਲ੍ਹ ਗਈ। ਮੱਛਰ ਤਾਂ ਭਾਵੇਂ ਵਧ ਗਿਆ ਸੀ। ਪਰ ਗਾਈਆਂ ਵਾਸਤੇ ਘਾਹ ਪਾਣੀ ਵਾਧੂ ਹੋ ਗਿਆ ਸੀ। ਥੋੜੀ ਜਿੰਨੀ ਠੰਢ ਤੇ ਹਰੇਵਾਈ ਵਧਣ ਨਾਲ ਗਾਂ ਖੂਬ ਰਜਣ ਲਗੀ ਅਤੇ ਹੌਲੀ ਹੌਲੀ ਦੁਧ ਵੀ ਵਧਣ ਲਗ ਪਿਆ। ਸੌਣ ਦਾ ਮਹੀਨਾ ਖਤਮ ਹੁੰਦੇ ਹੁੰਦੇ ਗਊ ਮਾਤਾ ਨੌਂ ਸੇਰ ਡੰਗ ਦਾ ਦੁਧ ਕਰ ਆਈ। ਦੁਧ ਚੋਣ ਵਾਸਤੇ ਸਾਨੂੰ ਨਵੀਂ ਬਾਲਟੀ ਮੰਗਵਾਉਣੀ ਪਈ। ਦੋ ਵੇਲੇ ਦਾ ਅਠਾਰਾਂ ਸੇਰ ਪੱਕਾ ਦੁੱਧ ਮੇਰੇ ਜੀਵਨ ਦੀ ਇਕ ਅਜੇਹੀ ਘਟਨਾ ਸੀ, ਜਿਸਨੇ ਗਾਂ ਪ੍ਰਤੀ ਮੈਨੂੰ ਸ਼ਰਧਾਲੂ ਬਣਾ ਦਿਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਦਸਿਆ—ਏਸ ਤੋਂ ਪਹਿਲਾਂ ਮੈਂ ਗਾਂ ਨੂੰ ਮੱਝ ਬਕਰੀ ਦੀ ਤਰ੍ਹਾਂ ਦੁਧ ਦੇਣ ਵਾਲਾ ਸਾਧਾਰਣ ਪਸ਼ੂ ਹੀ ਸਮਝਦਾ ਸਾਂ। ਜਦੋਂ ਮੈਂ ਨਜ਼ਦੀਕ ਹੋ ਕੇ ਗਾਂ ਦੀ ਏਹ ਕਰਾਮਾਤ ਵੇਖੀ, ਮੇਰਾ ਸੀਸ ਸ਼ਰਧਾ ਨਾਲ ਝੁਕ ਗਿਆ ਅਤੇ ਉਸ ਦਿਨ ਤੋਂ ਮੈਂ ਰਿਸ਼ੀਆਂ ਮੁਨੀਆਂ ਦੇ ਏਸ ਵਾਕ ਨੂੰ ਸਹੀ ਰੂਪ ਵਿਚ ਪ੍ਰਤਖ ਅਜ਼ਮਾ ਲਿਆ ਕਿ ਗਊ ਇਕ ਦੁਧ ਵਾਲਾ ਪਸ਼ੂ ਹੀ ਨਹੀਂ, ਸਗੋਂ ਇਨਸਾਨੀਅਤ ਦੀ ਪ੍ਰਤੀਪਾਲਕ ਵੀ ਹੈ। ਅਤੇ ਮੈਂ ਏਸ ਨੂੰ ਗਊ ਮਾਤਾ ਦੇ ਰੂਪ ਵਿਚ ਸ੍ਵੀਕਾਰ ਕਰ ਲਿਆ।

ਰਾਤ ਦਿਨ ਦੀ ਸੇਵਾ ਅਤੇ ਚੰਗੇ ਸ੍ਹਾਨ ਰਖਣ ਦਾ ਏਹ ਨਤੀਜਾ ਹੈ ਕਿ ਓਸੇ ਗਾਂ ਦੀ ਦੋਹਤੀ ਹੇਠਾਂ ੩੬ ਸੇਰ ਦੁਧ ਤੇ ਸਵਾ ਦੋ ਸੇਰ ਮੱਖਣ ਹੈ।

ਨਸਲ ਨੂੰ ਵਧੀਆ ਬਨਾਣ ਦਾ ਇਕੋ ਇਕ ਗੁਰ ਹੈ—ਵਧੀਆ ਨਸਲ ਦਾ ਖੂਬਸੂਰਤ ਸਾਨ੍ਹ।

ਉਤਲੀ ਸਾਖੀ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਆਪ ਸੁਣਾਈ ਸੀ ਇਸ ਵਾਸਤੇ ਏਸ ਨੂੰ ਮੈਂ ਸੰਖੇਪ ਨਹੀਂ ਕਰ ਸਕਿਆ। ਏਸ ਤੋਂ ਅਗਲੀਆਂ ਉਪਲਬਧੀਆਂ ਦਾ ਜ਼ਿਕਰ ਮੈਂ ਸੰਖੇਪ ਵਿਚ ਕਰ ਰਿਹਾ ਹਾਂ।

ਸਤਿਗੁਰੂ ਜੀ ਨੇ ਮੈਨੂੰ ਦਸਿਆ ਸੀ—ਮੱਝ ਗਿਆਰਾਂ ਸੌ ਰੁਪਏ ਖਾ ਕੇ ਜਿਤਨਾ ਘੀ ਦੁਧ ਸਾਨੂੰ ਦਿੰਦੀ ਹੈ, ਗਾਂ ਸਤ ਸੌ ਰੁਪੈ ਖਾ ਕੇ ਉਤਨਾ ਹੀ ਦੁਧ ਘੀ ਸਾਨੂੰ ਦਿੰਦੀ ਹੈ। ਪਰ ਮੱਝਾਂ ਦੇ ਨਖਰੇ ਮਝਾਂ ਰਖਣ ਵਾਲੇ ਹੀ ਜਾਣਦੇ ਹਨ। ਪੰਜਾਬੀ ਅਖਾਣ ਹੈ—

ਘੋੜੇ ਘਰ ਸੁਲਤਾਨਾਂ
ਮਝਾਂ ਘਰ ਵਰਿਆਮਾਂ

ਕਹਿੰਦੇ ਨੇ ਤਕੜਾ ਆਦਮੀ ਮੱਝ ਨੂੰ ਖਾ ਜਾਂਦਾ ਹੈ ਅਤੇ ਮਾੜੇ ਆਦਮੀ ਨੂੰ ਮੱਝ ਖਾ ਜਾਂਦੀ ਹੈ। ਸਤਿਗੁਰੂ ਜੀ ਨੇ ਮੱਝ ਨੂੰ ਵੀ ਅਗੇ ਵਧਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦੋਂ ਅਜੇ ਚਾਂਦੀ ਦਾ ਰੁਪਿਆ ਚਲਦਾ ਸੀ। ਇਕ ਮਜ਼ਦੂਰ ਦੀ ਇਕ ਮਹੀਨੇ ਦੀ ਮਜ਼ਦੂਰੀ ਕੇਵਲ ਪੰਜ ਰੁਪਏ ਸੀ। ਘਿਓ ਰੁਪਏ ਦਾ ਸਵਾ ਸੇਰ ਅਤੇ ਕਣਕ ਇਕ ਰੁਪਏ ਦਸ ਆਨੇ ਮਣ ਮਿਲਦੀ ਸੀ। ਇਕ ਮੱਝ ਤੇ ਉਸਦੀ ਹੋਣਹਾਰ ਕੱਟੀ ੩੫੦ ਰੁਪਏ ਵਿਚ ਖਰੀਦੀ ਗੁਰੂ ਜੀ ਨੇ ਮੁਕਤਸਰ ਤੋਂ। ਵੇਖਣ ਸੁਣਨ ਵਾਲੇ ਕਹਿੰਦੇ ਸਨ—ਮੱਝ ਖਰੀਦੀ ਹੈ ਕਿ ਹਾਥੀ? ਵਪਾਰੀ ਨੇ ਉਸ ਵੇਲੇ ਉਸਦਾ, ਦੋ ਵੇਲੇ ਦਾ ਸਾਰਾ ਦੁਧ ੨੫ ਸੇਰ ਤੋਲ ਕੇ ਦਿਤਾ ਸੀ। ਪਰ ਭੈਣੀ ਸਾਹਿਬ ਆ ਕੇ ਉਹ ੨੨ ਸੇਰ ਤੋਂ ਉਤੇ ਨਹੀਂ ਵਧੀ। ਮਝਾਂ ਉਤੇ ਹੋਰ ਵੀ ਰੀਸਰਚ ਸਤਿਗੁਰੂ ਜੀ ਨੇ ਕੀਤੀ ਪਰ 'ਭਾਗ' ਦਾ ਰੀਕਾਰਡ ਕਿਸੇ ਨੇ ਨਹੀਂ ਸੀ ਤੋੜਿਆ। ਅੰਤ ਵਿਚ ਸਤਿਗੁਰੂ ਜੀ ਨੂੰ ਮਝਾਂ ਦੀ ਨਸਲ ਨੇ ਨਿਰਾਸ਼ ਹੀ ਕੀਤਾ। ਮੱਝ ਦਾ ਨਾਮ ਭਾਗ ਸੀ। ਉਸ ਨੇ ਇਨਾਮ ਤਾਂ ਬਹੁਤ ਜਿਤੇ ਪਰ ਦੁਧ ਨਾ ਵਧੀ।

ਗਾਈਆਂ ਦੀ ਦੁਧ ਘੀ ਦੀ ਸਮਰਥਾ ਬੇਅੰਤ ਹੈ। ਜਿਸ ਦੀ ਸਤਿਗੁਰੂ ਜੀ ਨੇ ਗੁਰੂਸਰ ਵਾਲੀ ਗਾਂ ਤੋਂ ਹੀ ਅੰਦਾਜ਼ਾ ਲਾ ਲਿਆ ਸੀ।

ਆਲ ਇੰਡੀਆ ਕੈਟਲ ਸ਼ੋ ਵਿਚ ਸਤਿਗੁਰੂ ਜੀ ਦੀਆਂ ਸਾਰੀਆਂ ਗਾਈਆਂ ਹੀ ਅਵਲ ਤੇ ਦੋਮ ਦੇ ਸਾਰੇ ਇਨਾਮ ਜਿਤ ਲੈਂਦੀਆਂ ਸਨ। ਪ੍ਰਾਈਵੇਟ ਤੇ ਸਰਕਾਰੀ ਫਾਰਮਾਂ ਨੂੰ ਰਹਿੰਦ ਖੂੰਹਦ ਹੀ ਹੱਥ ਆਉਂਦਾ ਸੀ। ਸਰਕਾਰੀ ਅਫਸਰਾਂ ਨੇ ਏਸ ਨੂੰ ਆਪ ਦੀ ਬੇ-ਇਜ਼ਤੀ ਸਮਝਿਆ ਅਤੇ ਇਕ ਸਾਜ਼ਸ਼ ਰਚਕੇ ਗਲਤ ਢੰਗ ਨਾਲ ਗਲਤ ਪਸ਼ੂਆਂ ਨੂੰ ਇਨਾਮ ਦੇ ਦਿਤੇ। ਸਤਿਗੁਰੂ ਜੀ ਨੇ ਕੈਟਲ ਸ਼ੋਆਂ ਦਾ ਬਾਈਕਾਟ ਕਰ ਦਿਤਾ। ਦੋ ਸਾਲ ਜਦੋਂ ਸਤਿਗੁਰੂ ਜੀ ਦੇ ਪਸ਼ੂ ਨਾ ਗਏ, ਤਾਂ ਸਾਰੇ ਹਿੰਦੋਸਤਾਨ ਵਿਚ ਹਲਚਲ ਮਚ ਗਈ। ਆਖਰ-



Sri Satguru Jagjit Singh Ji eLibrary NamdhariElibrary@gmail.com

ਮਨਚਲੇ ਅਫਸਰਾਂ ਨੂੰ ਝੁਕਣਾ ਪਿਆ ਅਤੇ ਸਤਿਗੁਰੂ ਜੀ ਨੇ ਆਪਣੇ ਆਪ ਹੀ ਇਕ ਬੇਹੱਦ ਖੂਬਸੂਰਤ-ਸੁਨਹਿਰੀ ਫੈਸਲਾ ਕਰ ਦਿਤਾ। ਸਾਡੇ ਫਾਰਮ ਦੇ ਪਸ਼ੂਆਂ ਨੂੰ—ਗਾਈਆਂ, ਮਝਾਂ ਨੂੰ ਸਰਟੀਫਿਕੇਟ ਤਾਂ ਓਹੋ ਦਿਤਾ ਜਾਵੇ ਜਿਸਦੇ ਉਹ ਹੱਕਦਾਰ ਹਨ। ਅਤੇ ਇਹਨਾਂ ਇਨਾਮਾਂ ਦੇ ਪੈਸੇ ਜੋ ਹਜ਼ਾਰਾਂ ਰੁਪਏ ਬਣਦੇ ਹਨ—ਤੀਜਰੇ ਚੌਥੇ ਦਰਜੇ ਦੇ ਪਸ਼ੂ ਮਾਲਕਾਂ ਵਿਚ ਵੰਡ ਦਿਤੇ ਜਾਣ। ਏਸ ਫੈਸਲੇ ਨਾਲ ਸਾਰੇ ਮੇਲੇ ਵਿਚ ਲਹਿਰ ਬਹਿਰ ਹੋ ਗਈ। ਸਾਰੇ ਅਫਸਰ ਤੇ ਪੇਂਡੂ ਲੋਕ ਖੁਸ਼ ਹੋ ਗਏ। ਸਾਰੇ ਹਿੰਦੋਸਤਾਨ ਵਿਚ ਹੀ ਏਸ ਫਰਾਖ ਦਿਲੀ ਦੀ ਬੇਹੱਦ ਚਰਚਾ ਹੋਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਰਖ ਸ਼ਕਤੀ ਏਡੀ ਮਹਾਨ ਸੀ ਕਿ ਇਕ ਗਊ ਹਰਿਆਨਾ ਨਸਲ ਦੀ ਜੋ ਆਲ ਇੰਡੀਆ ਕੈਟਲ ਸ਼ੋ ਹਿਸਾਰ ਵਿਚ ਇਨਾਮੀ ਮੁਕਾਬਲੇ ਵਿਚ ਹਿਸਾ ਲੈਣ ਆਈ ਸੀ—ਸਤਿਗੁਰੂ ਜੀ ਨੇ ਤਿੰਨ ਹਜ਼ਾਰ ਰੁਪਏ ਵਿਚ ਖਰੀਦ ਲਈ। ਉਸ ਵੇਲੇ ਤਿੰਨ ਹਜ਼ਾਰ ਦਾ ਮੁਲ ਅਜ ਦੇ ੧੫ ਹਜ਼ਾਰ ਰੁਪਏ ਤੋਂ ਵੀ ਵਧ ਸੀ। ਹਿਸਾਰ ਦੀ ਉਸ ਕੈਟਲ ਸ਼ੋ ਦੇ ਜਿੰਨੇ ਵੀ ਇਨਾਮ ਸਨ, ਸਾਰੇ ਹੀ ਉਸ ਗਾਂ ਨੂੰ ਮਿਲ ਗਏ। ਖੂਬਸੂਰਤੀ ਦਾ ਇਨਾਮ, ਚੁਆਈ ਦਾ ਇਨਾਮ ਦੁਧ ਦਾ ਇਨਾਮ, ਰੰਗ ਦਾ ਇਨਾਮ, ਜੁਆਨੀ ਦਾ ਇਨਾਮ, ਵਛੀ ਦਾ ਇਨਾਮ ਏਹ ਸਾਰੇ ਹੀ ਗਰੇਡ ਦੇ ਇਨਾਮ ਸਨ ਜੋ ਉਸ ਗਾਂ ਨੂੰ ਮਿਲੇ। ਜਿਨ੍ਹਾਂ ਦੀ ਕੁਲ ਰਾਸ਼ੀ ਸੱਤ ਹਜ਼ਾਰ ਰੁਪਏ ਬਣਦੀ ਸੀ। ਹਿਸਾਰ ਦੇ ਸਾਰੇ ਅਫਸਰਾਂ ਦੀ ਨਿਗਾਹ ਵਿਚ ਸੀ ਉਹ ਗਾਂ। ਸਾਰਿਆਂ ਨੇ ਉਸ ਆਦਮੀ ਨੂੰ ਬੁਰਾ ਭਲਾ ਕਿਹਾ ਗਾਂ ਵੇਚਣ ਉਤੇ। ਇਹਨਾਂ ਇਨਾਮਾਂ ਵਿਚੋਂ ਸਤਿਗੁਰੂ ਜੀ ਨੇ, ਉਸ ਨੂੰ ਜਿਸ ਦੀ ਗਾਂ ਸੀ ਕਾਫੀ ਰੁਪਏ ਹੋਰ ਦੇ ਕੇ ਖੁਸ਼ ਕਰ ਦਿਤਾ। ਇਹ ਸੀ ਸਤਿਗੁਰੂ ਜੀ ਦੀ ਗਰੀਬ ਨਿਵਾਜ਼ੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਿਆਂ ਦੇ ਵੀ ਅਵਲ ਦਰਜੇ ਦੇ ਮਾਹਰ ਸਨ। ਵਧੀਆ ਤੋਂ ਵਧੀਆ ਘੋੜ ਉਹਨਾਂ ਦੇ ਅਸਤਬਲ ਵਿਚ ਸੀ। ਇਕ ਵਾਰ ਲਾਹੌਰ ਜਿਮਖਾਨੇ ਦੀਆਂ ਅੱਠ ਦੌੜਾਂ ਹੋਈਆਂ ਤੇ ਸ: ਭਗਤ ਸਿੰਘ ਨੇ ਅਠੇ ਜਿਤ ਲਈਆਂ। ਲਾਹੌਰ ਉਸ ਵੇਲੇ ਸਾਰੇ ਹਿੰਦੋਸਤਾਨ ਦਾ ਹੈਡ ਸੀ। ਦਿਲੀ ਤਾਂ ਉਸ ਵੇਲੇ ਲਾਹੌਰ ਦੀ ਚਰਨ ਧੂੜ ਨੂੰ ਵੀ ਨਹੀਂ ਸੀ ਪਹੁੰਚਦੀ। ਇਸ ਜਿਤ ਤੋਂ ਸਾਰੇ ਅੰਗਰੇਜ਼ ਰਾਜੇ ਮਹਾਰਾਜੇ ਤੇ ਸਰਕਾਰ ਹੈਰਾਨ ਰਹਿ ਗਈ। ਹਰ ਥਾਂ ਉਤੇ ਸ: ਭਗਤ ਸਿੰਘ ਦੀ ਚਰਚਾ ਸੀ। ਹਰ ਆਦਮੀ ਚਾਹੁੰਦਾ ਸੀ—ਸਤਿਗੁਰੂ ਜੀ ਦਾ ਜਾਕੀ ਸ: ਭਗਤ ਸਿੰਘ ਉਸ ਦੇ ਘੋੜੇ ਨੂੰ ਦੌੜਾਏ। ਜਦੋਂ ਕਿ ਇਕ ਜੇਤੂ ਦੌੜ ਦੀ ਫੀਸ ਇਕ ਸੌ ਰੁਪਏ—ਜੋ ਚਾਂਦੀ ਦੇ ਹੁੰਦੇ ਸਨ ਮਿਲਦੀ ਸੀ। ਪਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਤੋਂ ਬਿਨਾਂ ਸ: ਭਗਤ ਸਿੰਘ ਇਨ੍ਹਾਂ ਰੁਪਇਆ ਵਲ ਵੇਖਦਾ ਵੀ ਨਹੀਂ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਘੋੜਿਆਂ ਦੇ ਸ਼ਾਹ ਸਵਾਰ ਸਨ। ਕਹਿੰਦੇ ਕਹੌਂਦੇ ਘੋੜੇ ਦੀ, ਲੱਤਾਂ ਨਾਲ ਘੁਟਕੇ ਹੀ ਲਿਦ ਕੱਢ ਦਿੰਦੇ ਸਨ। ਇਕ ਹੋਣਹਾਰ ਵਛੇਰਾ ਜਿਸਨੂੰ ਇਕ ਸੇਰ ਪੱਕਾ ਮੱਖਣ ਰੋਜ਼ਾਨਾ ਸਾਲ ਭਰ ਦਿਤਾ ਗਿਆ ਸੀ। ਉਸ ਉਤੇ ਕਾਠੀ ਕਸ ਦਿਤੀ ਗਈ। ਬਹੁਤ ਹੀ ਅਥਰਾ ਵਛੇਰਾ ਸੀ ਏਹ। ਮਕਦੂਨੀਆਂ ਦੇ ਘੋੜੇ ਵਾਂਗ ਕਿਸੇ ਵੀ ਸਵਾਰ ਨੂੰ ਨੇੜੇ ਨਹੀਂ ਸੀ ਔਣ ਦਿੰਦਾ। ਕਰੜਾ ਲਗਾਮ ਦੇਕੇ ਦੋਹ ਆਦਮੀਆਂ ਨੇ ਦੋਹਾਂ ਪਾਸਿਆਂ ਤੋਂ ਵਾਗਾਂ ਖਿਚਕੇ ਸਤਿਗੁਰੂ ਜੀ ਦੇ ਪੇਸ਼ ਕਰ ਦਿਤਾ। ਤਬੇਲਾ ਓਸ ਵੇਲੇ ਬਹੁਤ ਲੰਬਾ ਦੇ ਉਚਾ ਹੁੰਦਾ ਸੀ। ਸਤਿਗੁਰੂ ਜੀ ਵੀ ਪੂਰੇ ਜੁਆਨ ਸਨ ਓਸ ਵੇਲੇ ਸੰਭਲਕੇ ਛਾਲ ਮਾਰ ਘੋੜੇ ਦੀ ਪਿੱਠ ਉਤੇ ਜਾ ਬੈਠੇ। ਸਾਈਸਾਂ ਨੇ ਵਾਗਾਂ ਛੱਡ ਦਿਤੀਆਂ। "ਘੋੜਾ ਤੇਜ਼ੀ ਨਾਲ ਕਈ ਪਲਾਘਾਂ ਪੁਟਕੇ ਏਨਾ ਉਚਾ ਉਛਲਿਆ ਕਿ ਮੈਨੂੰ ਤਬੇਲੇ ਉਤੇ ਜੰਮੇ ਮਕਈ ਦੇ ਬੂਟੇ ਦਿਸ ਪਏ। ਪੂਰੀ ਉਚਾਈ ਤੇ ਜਾਕੇ ਉਸਨੇ ਪਿੰਡਾ ਝਟਕਿਆ ਮੈਨੂੰ ਡੇਗਣ ਵਾਸਤੇ। ਮੈਂ ਪੂਰੀ ਤਰ੍ਹਾਂ ਤਿਆਰ ਸਾਂ। ਘੋੜੇ ਨੂੰ ਲੱਤਾ ਨਾਲ ਜ਼ੋਰ ਦੀ ਘੁਟ ਲਿਆ। ਘੋੜੇ ਨੇ ਦੂਸਰੀ ਛਾਲ ਫੇਰ ਚੁਕੀ ਅਤੇ ਤੀਸਰੀ ਛਾਲ ਮਾਰਕੇ ਬਿਲਕੁਲ ਸ਼ਾਂਤ ਹੋ ਗਿਆ। ਸਾਰੀ ਮਸਤੀ ਚੂਰ ਚੂਰ ਹੋ ਗਈ ਵਛੇਰੇ ਦੀ ਅਤੇ ਮੇਰੇ ਹੁਕਮ ਦਾ ਗੁਲਾਮ ਬਣ ਗਿਆ।" ਏਹ ਵਾਰਤਾ ਵੀ ਮੈਨੂੰ ਸ੍ਰੀ ਸਤਿਗੁਰੂ ਜੀ ਨੇ ਆਪ ਹੀ ਆਪਣੀ ਰਸਨਾ ਦੁਆਰਾ ਸੁਣਾਈ ਸੀ।

ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ ਸਾਰੇ ਪੰਜਾਬ ਵਿਚ ਜੋ ਉਸ ਵੇਲੇ ਦਿੱਲੀ ਤਕ ਫੈਲਿਆ ਹੋਇਆ ਸੀ ਹਰ ਪਿੰਡ, ਹਰ ਘਰ ਵਿਚ ਸਾਡੇ ਫਾਰਮ ਵਰਗੀਆਂ ਗਾਈਆਂ ਹੋਣ। ਉਹ ਚਾਹੁੰਦੇ ਸਨ ਹਰ ਇਕ ਪਿੰਡ ਨੂੰ ਵਧੀਆ ਗੋਕਾ ਸਾਨ੍ਹ ਦਿਤਾ ਜਾਵੇ ਅਤੇ ਘਟੀਆ ਕਿਸਮ ਦੇ ਸਾਨ੍ਹਾਂ ਨੂੰ ਅਲਵਿਦਾ ਕਹਿ ਦਿਤੀ ਜਾਵੇ। ਓਸ ਵੇਲੇ ਕੈਰੋਂ ਦਾ ਜ਼ਮਾਨਾ ਸੀ। ਅਜੇਹੇ ਪਵਿੱਤਰ ਕੰਮਾਂ ਵਾਸਤੇ ਕਿਸਨੂੰ ਵਿਹਲ ਸੀ। ਸਰਕਾਰ ਦੀ ਮਦਦ ਤੋਂ ਬਿਨਾਂ ਏਹ ਸਕੀਮ ਸਿਰੇ ਨਹੀਂ ਸੀ ਚੜ੍ਹ ਸਕਦੀ ਅਤੇ ਸਰਕਾਰ ਨੂੰ ਕੁਰਸੀ ਯੁਧ ਤੋਂ ਵਿਹਲ ਨਹੀਂ ਸੀ ਮਿਲਦੀ ਜਿਸ ਕਰਕੇ ਇਹ ਸਕੀਮ ਵੀ ਸਿਰੇ ਨਹੀਂ ਚੜ੍ਹ ਸਕੀ। ਹਾਂ ਸਤਿਗੁਰੂ ਜੀ ਨੇ ਆਪਣੇ ਪਿੰਡਾਂ ਵਿਚ ਇਸਦਾ ਵਿਸਥਾਰ ਜ਼ਰੂਰ ਕਰ ਦਿਤਾ ਸੀ। ਜੋ ਅਜ ਵੀ ਚਲ ਰਿਹਾ ਹੈ। +



Sri Satguru Jagjit Singh Ji eLibrary NamdhariElibrary@gmail.com

# ਨੂਹਾਰ ਚੀਨੀ ਵਾਲੜੇ ਦੀ

—ਸੁਰਜੀਤ ਖੁਰਸ਼ੀਦੀ—

ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ।
ਭੈਣੀ ਦੇ ਖੇੜੇ ਉਤੇ
ਦੇਸ ਦੇ ਵੇਹੜੇ ਉਤੇ
ਅੰਮ੍ਰਿਤ ਪੁਹਾਰ ਪੈਂਦੀ
ਸਦਾ ਨਿਤ ਨੇਮ ਚੱਲੇ
ਮਾਨਵ ਪ੍ਰੇਮ ਚੱਲੇ
ਵਿਸ਼ਵ ਕਲਿਆਨ ਲਈ
ਮਾਨਵ ਦੀ ਸ਼ਾਨ ਲਈ
ਬਾਣੀ ਦਾ ਪਾਠ ਚੱਲੇ
ਵਰਨੀ ਦਾ ਠਾਠ ਚੱਲੇ
ਅੰਬਰ ਵੀ ਦੇਖੇ ਪਿਆ
ਧਰਤੀ ਬਲਿਹਾਰ ਦੀ
ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ
ਨਮਸਕਾਰ ਇਸ ਭੋਇੰ ਤਾਈਂ
ਜਿਥੇ ਇਹਨਾਂ ਪਬ ਧਰੇ
ਨਮਸਕਾਰ ਇਸ ਪੌਣ ਤਾਈਂ
ਜਿਥੇ ਇਹਦੇ ਸਾਹ ਰਲੇ
ਨਮਸਕਾਰ ਇਸ ਸੰਗਤ ਨੂੰ ਹੈ
ਜੇਹੜੀ ਏਹ ਦੀਦਾਰ ਕਰੇ
ਨਮਸਕਾਰ ਇਸ ਸ੍ਰਿਸ਼ਟੀ ਨੂੰ ਹੈ
ਇਹ ਤੋਂ ਜੋ ਬਲਿਹਾਰ ਜਾਂਦੀ
ਸੋਹਣੀ ਜਹੀ ਨੁਹਾਰ ਪੈਂਦੀ
ਗੁਰੂ ਜਗਜੀਤ ਵਿਚ
ਨੁਹਾਰ ਚੀਨੀ ਵਾਲੜੇ ਦੀ।

ਗੱਲਾਂ 'ਚੋਂ ਗੱਲਾਂ

# ਕਦਰਦਾਨ ਲੰਕਾ

—ਆਦਲ ਦਿਆਲਪੁਰੀ

ਆਪੋ ਵਿਚ ਭਰਾਵਾਂ ਦਾ ਪਿਆ ਪੇਚਾ
ਫਸੀ ਮੁਸ਼ਕਲਾਂ ਵਿਚ ਮਹਾਨ ਲੰਕਾ
ਮਦਦ ਮੰਗ ਲਈ ਹਿੰਦ ਦੇ ਹਾਕਮਾਂ ਤੋਂ
ਇਹਨਾਂ ਘੱਲਤੇ ਫੌਜੀ ਜਵਾਨ ਲੰਕਾ
ਪਾਇਆ ਮੁੱਲ ਨਹੀਂ ਮੂਲ ਕੁਰਬਾਨੀਆਂ ਦਾ
ਤੋਤੇ ਚਸ਼ਮ ਚਲਾਕ ਸ਼ੈਤਾਨ ਲੰਕਾ
ਮਤਲਬ ਕੱਢਕੇ ਤੇ ਕਹਿੰਦੀ ਜਾਉ ਏਥੋਂ
ਸੋਹਣੀ ਕਦਰ ਕੀਤੀ ਕਦਰਦਾਨ ਲੰਕਾ

# ਤੂਤਕ ਤੂਤਕ ਤੂਤੀਆਂ

ਟੀਵੀ ਫਿਲਮ ਅਸ਼ਲੀਲ ਸਮਾਜ ਤਾਈਂ
ਵੇਖਣ ਵਾਸਤੇ ਕਰੀ ਮਜਬੂਰ ਜਾਂਦਾ
ਲੁੱਟ ਖੋਹ ਲੜਾਈ ਦੇ ਸੀਨ ਦੇਕੇ
ਭਰੀ ਬੱਚਿਆਂ ਵਿਚ ਫਤੂਰ ਜਾਂਦਾ
ਉਤੋਂ ਦੇਸ਼ ਪਿਆਰ ਦਾ ਦਵੇ ਹੋਕਾ
ਖਿੱਚੀ ਵਤਨ ਪ੍ਰਸਤੀਉਂ ਦੂਰ ਜਾਂਦਾ
ਆਦਲ ਧਾਰਮਕ ਗੱਲਾਂ ਪਿਛਾਂਹ ਕਰਕੇ
ਤੂਤਕ ਤੂਤੀਆਂ ਕਰੀ ਮਸ਼ਹੂਰ ਜਾਂਦਾ

# ਕਲਾਕਾਰੋ

ਕਲਾ ਕੁਦਰਤੀ ਦੇਣ ਹੈ ਕਲਾਕਾਰੋ
ਕਲਾਕਾਰੀ ਦੇ ਵਿਚ ਲਿਹਾਜ ਮੰਦਾ
ਪੈਸੇ ਵਾਸਤੇ ਪੈਂਤੜਾ ਛੱਡਿਉ ਨਾ
ਪੱਛੋਤਾਂਵਦਾ ਲੋਭ ਅੰਦਾਜ ਬੰਦਾ
ਕਲਾਕਾਰ ਫਕੀਰੀ ਦਾ ਨਾਮ ਦੂਜਾ
ਕਲਾ ਵਿਚ ਨਾ ਪਾਵੋ ਰਿਵਾਜ ਗੰਦਾ
ਗੰਦੇ ਗੀਤ ਸਮਾਜ ਨੂੰ ਵੰਡਕੇ ਤੇ,
ਕਲਾਕਾਰੋ ਨਾ ਕਰੋ ਸਮਾਜ ਗੰਦਾ

ਦਿਆਲਪੁਰ
(ਕਪੂਰਥਲਾ)



Sri Satguru Jagjit Singh Ji eLibrary NamdhariElibrary@gmail.com

# ਗੀਤ

—ਸੁਰਿੰਦਰ ਸੋਹਲ—

ਕੌਣ ਆਇਆ ਘਰ ਸਾਡੇ,
ਲੱਪ ਭਰ ਲੈ ਸੁਆਵਾਂ,
ਘਰ ਸਾਡਾ ਦਿੱਤਾ ਰੁਸ਼ਨਾ।

ਮਲੋਮਲੀ ਪਹੁ ਫੁੱਟੀ,
ਰੁੱਖਾਂ ਤੇ ਤ੍ਰੇਲ ਜੰਮੀ,
ਦੇਖਕੇ ਬੰਬੀਹਾ ਰਿਹੈ ਗਾ।

ਨਿੰਮੀ ਨਿੰਮੀ ਪੌਣ ਵਿਚ,
ਰਲੀਆਂ ਸੁਗੰਧੀਆਂ ਨੇ,
ਘਰ ਬਾਰ ਦਿੱਤਾ ਮਹਿਕਾ।

ਮਿੱਠਾ ਮਿੱਠਾ ਸਾਹ ਆਵੇ,
ਹਵਾ ਦੇ ਝਰੋਖਿਆਂ 'ਚੋਂ,
ਰਿਹੈ ਕੋਈ ਸੰਦਲ ਰਲਾ।

ਥੋਹਰਾਂ ਉੱਤੇ ਖਿੜੇ ਫੁਲ,
ਉੱਚੀ ਉੱਚੀ ਹਸਦੇ ਨੇ,
ਕੰਵਲਾਂ ਦੀ ਮਾਰਦੇ ਨੇ ਭਾਅ।

ਰੁੱਖਾਂ ਉਤੇ ਸਾਵੇ ਸਾਵੇ,
ਨਵੇਂ ਪੱਤ ਮੌਲ ਪਏ ਨੇ;
ਚੱਖ ਚੱਖ ਮਿਠੜੀ ਹਵਾ।

ਤ੍ਰੇਲ ਦੀਆਂ ਬੂੰਦਾਂ,
ਬਣ ਖੁਸ਼ੀਆਂ ਦੇ ਹੰਝੂ,
ਗਏ ਰੁੱਖਾਂ ਦੀਆਂ ਅਖੀਆਂ 'ਚ ਆ।

ਘੁੰਡੀਆਂ ਦੀ ਵਾਜ ਸੁਣ,
ਮਿਰਗ ਇਕੱਠੇ ਹੋਣ,
ਜਿਵੇਂ ਕਾਨ੍ਹ ਗਊਆਂ ਕੀਲ ਦਾ।

ਤਿਵੇਂ ਉਹਦੇ ਆਉਣ ਨਾਲ,
ਖੁਸ਼ੀਆਂ ਦੇ ਮਿਰਗਾਂ ਦਾ,
ਸਾਡੇ ਘਰ ਮੇਲਾ ਜੁੜਿਆ।

ਹਰੀ ਹਰੀ ਹੁਲ ਹੁਲ
ਫਲੀਆਂ 'ਨਾ ਭਰੀ ਹੋਈ,
ਹਵਾ ਵਿਚ ਰਹੀ ਝੂਟੇ ਖਾ।
ਫਲੀਆਂ ਦੀ ਮਾਰ ਤਾੜੀ,
ਖਿੜ ਖਿੜ ਹਸਦੀ ਹੈ,
ਜਿਵੇਂ ਰਹੀ ਖੁਸ਼ੀਆਂ ਮਨਾ।

ਅੰਬਰ ਦੀ ਡੰਡੀ ਖਾਣੀ,
ਬਾਲਕੇ ਜਿਗਰ ਭਾਨ,
ਸਾਨੂੰ ਰਿਹੈ ਧੁੱਪ ਵਰਤਾ।

ਚਿੱਟੀ ਚਿੱਟੀ ਧੁਪੜੀ 'ਚ,
ਜਾਪਦਾ ਹੈ ਜਗ,
ਜਿਵੇਂ ਪੋਟੜੇ 'ਚ ਖੇਡਦਾ ਪਿਆ।

ਪਿੰਡ ਸੰਗੋ ਸੋਹਲ
ਡਾਕਘਰ ਮੰਡ
ਜਲੰਧਰ

# ਗ਼ਜ਼ਲ

—ਉਂਕਾਰਪ੍ਰੀਤ ਸਿੰਘ

ਸਾਨੂੰ ਨਾਜ਼ ਬੜਾ, ਉਸਦੀ ਉਲਫ਼ਤ ਤੇ
ਉਸਦੀ ਰਹਿਮਤ ਤੇ, ਅਪਣੀ ਕਿਸਮਤ ਤੇ।
ਜਾਵਾਂ ਮੈਂ ਸਦਕੇ, ਜਾਵਾਂ ਮੈਂ ਵਾਰੀ
ਸੁਹਣੀ ਸੀਰਤ ਤੇ, ਮੋਹਣੀ ਸੂਰਤ ਤੇ।
ਕਤਲ ਕਰੇ ਦਿਲ ਨੂੰ, ਦਿਲਬਰ ਦਾ ਹਾਸਾ
ਦਿਲ ਨੂੰ ਮੂਹ ਆਵੇ, ਉਸਦੀ ਵਹਿਸ਼ਤ ਤੇ।
ਬਣਿਆ ਪਰਦੇਸੀ, ਘਰ ਪਾ ਕੇ ਦਿਲ ਵਿਚ
ਸ਼ਕ ਨਾ ਸੀ ਸਾਨੂੰ, ਜਿਸਦੀ ਨੀਯਤ ਤੇ।
ਵਸਤਰ ਯਾਦਾਂ ਦੇ, ਭੋਜਨ ਬਿਰਹੋਂ ਦਾ
ਨਿਰਭਰ ਹੈ ਜੀਵਨ, ਹੁਣ ਉਸਦੇ ਖ਼ਤ ਤੇ।
ਰਾਤ ਗ਼ਜ਼ਬ ਸੀ ਉਹ, ਦੋ-ਦੋ ਚੰਨ ਚੜੇ
ਇਕ ਘਰ ਦੀ ਛੱਤ ਤੇ, ਇਕ ਨੀਲੀ ਛੱਤ ਤੇ।
ਚੁੱਪ ਚੁੱਪ ਫਿਰਦਾ ਹੈ, ਤਨਹਾ ਮੇਲੇ ਵਿਚ
ਆਉਂਦਾ ਹੈ ਰੋਣਾਂ, ਦਿਲ ਦੀ ਹਾਲਤ ਤੇ।
ਚੁਪ ਹੈ ਬੁਤ ਵਾਂਗਰ, ਇਹ ਤਸਵੀਰ ਤਿਰੀ
ਸਾਨੂੰ ਰੋਸ ਬੜਾ, ਇਸ ਦੀ ਫਿਤਰਤ ਤੇ।
ਲੋਕਾਂ ਦਾ ਹਸਣਾ, 'ਪ੍ਰੀਤ' ਨਵਾਂ ਇਹ ਨਹੀਂ
ਹੁਸਨ ਦੇ ਕੂਚੇ ਵਿਚ,ਇਸ਼ਕ ਦੀ ਦੁਰਗਤ ਤੇ।



Sri Satguru Jagjit Singh Ji eLibrary NamdhariElibrary@gmail.com

# ਘਰ ਵਿਚ ਵਸਦਾ ਰੱਬ

—ਜਗਦੀਸ਼ ਸਿੰਘ—

ਅਧਿਆਤਮਕ ਜਗਤ ਦੇ ਸਿਆਣੇ ਕਹਿੰਦੇ ਹਨ ਕਿ ਪਰਮਾਤਾ ਪ੍ਰਾਨੀ ਦੇ ਅੰਦਰ ਵਸਦਾ ਹੈ। ਇਹ ਪ੍ਰਮਾਤਮਾ ਜੋ ਪ੍ਰਾਨੀ ਦੇ ਅੰਦਰ ਬੈਠਾ ਹੈ ਇਹ ਸਾਧਾਰਨ ਅੱਖ ਨੂੰ ਦਿੱਸਦਾ ਨਹੀਂ ਪਰ ਇਕ ਦਿਸਦਾ ਰੱਬ ਵੀ ਘਰ ਵਿਚ ਹੁੰਦਾ ਹੈ ਉਸ ਦਾ ਉਂਜ ਪਤਾ ਨਹੀਂ ਲਗਦਾ। ਇਹ ਸਰੂਪਧਾਰੀ ਰੱਬ ਕਈ ਵਾਰ ਬਹੁਤ ਅਣਗੌਲਿਆ ਹੀ ਰਹਿ ਜਾਂਦਾ ਹੈ। ਬਹੁਤ ਵਾਰ ਤ੍ਰਿਸਕਾਰਿਆ ਜਾਂਦਾ ਹੈ ਅਤੇ ਬਾਹਰ ਰੱਬ ਨੂੰ ਖੁਸ਼ ਕਰਨ ਵਾਸਤੇ ਇਨਸਾਨ ਧਰਮ ਕਰਮ ਕਰਦਾ ਹੈ ਦਾਨ ਪੁੰਨ ਕਰਦਾ ਹੈ ਲੰਗਰ ਲਵਾਉਂਦਾ ਹੈ, ਪਾਠ ਕਰਾਉਂਦਾ ਅਤੇ ਲੱਖਾਂ ਰੁਪੈ ਖਰਚ ਕੇ ਮੰਦਰ ਗੁਰਦਵਾਰਿਆਂ ਦੇ ਫਰਸ਼ਾਂ ਤੇ ਪੱਥਰ ਅਤੇ ਕਲਸਾਂ ਤੇ ਸੋਨਾਂ ਲਗਵਾਉਂਦਾ ਹੈ ਪਰ ਘਰ ਵਿਚਲਾ ਰੱਬ ਕਈ ਵਾਰ ਪੈਸੇ ਪੈਸੇ ਦਾ ਮੁਥਾਜ, ਕਪੜੇ ਤੋਂ ਆਤਰ ਰੋਗਾਂ ਨਾਲ ਪੀੜਤ ਅਤੇ ਇਲਾਜ ਲਈ ਨਿੱਕੇ ਪੈਸੇ ਨੂੰ ਵੀ ਤਰਸਦਾ ਰਹਿੰਦਾ ਹੈ। ਉਹ ਵੱਡੇ ਵੱਡੇ ਭਵਨਾਂ ਦੇ ਅਨੇਕਾਂ ਕਮਰੇ ਹੁੰਦਿਆਂ ਵੀ ਇਕ ਖੂੰਜੇ ਵਿਚ ਸਾਹ ਲੈਣ ਤੇ ਮਜਬੂਰ ਹੁੰਦਾ ਹੈ। ਜੇ ਰਹਿਣ ਸਹਿਣ ਦਾ ਪਰਬੰਧ ਹੈ ਵੀ ਤਾਂ ਉਹ ਪਿਆਰ ਅਤੇ ਧਿਆਨ ਦੇ ਦੋ ਮਿਠੇ ਬੋਲਾਂ ਨੂੰ ਸਹਿਕਦਾ ਰਹਿੰਦਾ ਹੈ।

ਇਹ ਇਕ ਵਿਡੰਬਣਾ ਹੀ ਹੈ ਕਿ ਪਿਆਰ ਅਤੇ ਬਖਸ਼ਸ਼ਾਂ ਵੰਡਣ ਵਾਲੇ ਰੱਬ ਦਾ ਵੀ ਇਹ ਹਾਲ ਹੁੰਦਾ ਹੈ। ਹੁਣ ਤੱਕ ਘਰ ਵਿਚਲੇ ਰੱਬ ਦਾ ਸਭ ਨੂੰ ਅਨੁਮਾਨ ਹੋ ਗਿਆ ਹੋਵੇਗਾ। ਇਹ ਘਰ ਵਿਚ ਵਸਦਾ ਰੱਬ 'ਮਾਂ' ਹੀ ਹੈ।

ਮਾਂ ਇਕ ਐਸਾ ਰਿਸ਼ਤਾ ਹੈ ਜਿਸ ਦੇ ਤੁਲ ਕੋਈ ਰਿਸ਼ਤਾ ਨਹੀਂ। ਸਦਾ ਹੀ ਮਮਤਾ ਬੇਗਰਜ਼ੀ ਬਖਸ਼ਿਸ਼ ਅਤੇ ਪਿਆਰ ਨਾਲ ਭਰਪੂਰ। ਆਦਮੀ ਦੀ ਤਰੱਕੀ ਅਤੇ ਕਾਮਯਾਬੀ ਦੇ ਦੌਰ ਵਿਚ ਭਰਾ, ਇਸਤਰੀ ਔਲਾਦ, ਦੋਸਤ ਤੇ ਵਾਕਫਕਾਰ ਆਦਮੀ ਦੀਆਂ ਸਿਫਤਾਂ ਕਰਦੇ ਨਹੀਂ ਥੱਕਦੇ। ਸਾਰੇ ਉਸ ਨੂੰ ਮੇਰਾ ਮੇਰਾ, ਆਪਣਾ ਆਪਣਾ ਕਹਿਣ ਵਾਸਤੇ ਇਕ ਦੂਜੇ ਤੋਂ ਅਗੇ ਹੁੰਦੇ ਹਨ ਪਰ ਜਦੋਂ ਬਿਪਤਾ ਪੈਂਦੀ ਹੈ ਤਾਂ ਇਹ ਸਾਰੇ ਰਿਸ਼ਤੇਦਾਰ ਵਿਰੋਧੀ ਬਣਦੇ ਹਨ। ਸਿਫਤਾਂ ਕਰਨ ਵਾਲੇ ਨਿੰਦਿਆ ਕਰਦੇ ਹਨ, ਜਦੋਂ ਸਭ ਪਾਸਿਓਂ ਥੂ ਥੂ ਹੋ ਰਹੀ ਹੁੰਦੀ ਹੈ ਤਾਂ ਇਕੋ ਇਕ ਆਤਮਾ ਐਸੀ ਹੁੰਦੀ ਹੈ ਜੋ ਇਨਸਾਨ ਨੂੰ ਗਲ ਲਾਉਂਦੀ ਹੈ ਜੋ ਉਸਦੇ ਔਗੁਣਾ ਖੁਨਾਮੀਆਂ ਨੂੰ ਨਾ ਚਿਤਾਰਦੀ ਹੋਈ ਬੇਗਰਜ਼ ਪਿਆਰ ਦਿੰਦੀ ਹੈ ਵਾਰਸ ਬਣਾਉਂਦੀ ਹੈ! ਭਲਾ ਲੋਚਦੀ ਹੈ ਰੱਬ ਵਰਗਾ ਆਸਰਾ ਬਣ ਕੇ ਆਉਂਦੀ ਹੈ। ਉਹ ਮਾਂ ਹੁੰਦੀ ਹੈ।

ਦੀਨ ਦੁਨੀਆ, ਅਧਿਆਤਮਕ ਤੇ ਸੰਸਾਰੀ ਗਿਆਨ ਦੇ ਮਹਾਨ ਦਾਰਸ਼ਨਿਕ ਕਬੀਰ ਜੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ :

"ਸੁਤੁ ਅਪਰਾਧ ਕਰਤ ਹੈ ਜੇਤੇ
ਜਨਨੀ ਚੀਤਿ ਨ ਰਾਖਸਿ ਤੇਤੇ"

ਸਾਰੀ ਦੁਨੀਆ ਦੇ ਸਿਆਣਿਆਂ ਵਿਚਾਰਵਾਨਾਂ, ਰਹਿਬਰਾਂ, ਪੈਗੰਬਰਾਂ ਨੇ ਲੋਕ ਮਨਾਂ ਵਿਚੋਂ ਉਠੀ ਭਾਵਨਾ ਨੂੰ ਸ਼ਬਦਾਂ ਦਾ ਰੂਪ ਦਿਤਾ ਹੈ ਕਿ ਮਾਂ ਰੱਬ ਹੁੰਦੀ ਹੈ। ਇਕ ਯਹੂਦੀ ਅਖਾਣ ਹੈ : God could not be every where and therefore be made mother. "ਰੱਬ ਹਰ ਥਾਂ ਨਹੀਂ ਹੋ ਸਕਦਾ ਸੀ ਸੋ ਇਸ ਵਾਸਤੇ ਉਹਨੇ ਮਾਵਾਂ ਬਣਾਈਆਂ"।

ਵਿਦਵਾਨ ਥੈਕਰੇ ਦਾ ਕਥਨ ਹੈ "ਛੋਟੇ ਬੱਚਿਆਂ ਲਈ ਮਾਂ ਦਾ ਨਾਂ ਪਰਮਾਤਮਾ ਦੀ ਥਾਂ ਹੁੰਦਾ ਹੈ।

ਇਸ ਵਿਚਾਰ ਨਾਲ ਸੰਸਾਰ ਸਾਹਿਤ ਵਿਚ ਬਹੁਤ ਕੁਝ ਲਿਖਿਆ ਗਿਆ। ਪੰਜਾਬੀ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਇਕ ਮਸ਼ਹੂਰ ਕਹਾਣੀ ਹੈ "ਪੇਮੀ ਦੇ ਨਿਆਣੇ" ਉਸ ਵਿਚ ਦੋ ਛੋਟੇ ਭੈਣ-ਭਰਾ ਬਾਲ ਸੜਕ ਪਾਰ ਕਰਨ ਤੋਂ ਡਰਦੇ ਹਨ ਕਿਉਂਕਿ ਰਾਂਹ ਵਿਚ ਇਕ ਖੂੰਖਾਰ ਪਠਾਣ ਰਾਸ਼ ਪਿਆ ਹੈ। ਉਹ ਬਹੁਤ ਤਦਬੀਰਾਂ ਸੋਚਦੇ ਹਨ। ਆਖਰ ਉਹ ਮਤਾ ਪਕਾਉਂਦੇ ਹਨ ਕਿ ਅਸੀਂ ਕਹਿ ਦਿਆਂਗੇ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਅਤੇ ਉਹ ਆਪਣੀ ਮਾਂ ਦਾ ਨਾਂ ਲੈ ਕੇ ਇਵੇਂ ਸੜਕ ਪਾਰ ਕਰਦੇ ਹਨ ਜਿਵੇਂ ਇਨਸਾਨ ਰੱਬ ਦਾ ਨਾਂ ਲੈ ਕੇ ਭਵ ਸਾਗਰ ਪਾਰ ਕਰ ਜਾਂਦਾ ਹੈ।

ਵਲਵਲਿਆਂ ਦੇ ਬਾਦਸ਼ਾਹ ਪ੍ਰੋ: ਪੂਰਨ ਸਿੰਘ ਨੇ ਮਾਂ ਪਿਆਰ ਵਿਚ ਰਿਸ ਕੇ ਕਿਹਾ ਸੀ :

"ਮਾਂ ਦਾ ਦਿਲ ਬੱਸ ਇਓਂ ਰੱਬ ਹੈ
ਮਾਂ ਦੀ ਲੋਰੀ ਬਾਣੀ ਆਕਾਸ਼ ਦੀ"

ਪੰਜਾਬ ਦੇ ਮਹਾਨ ਕਵੀ ਪ੍ਰੋ: ਮੋਹਨ ਸਿੰਘ ਨੇ ਮਾਂ ਨੂੰ ਇਕ ਘਣੀ ਛਾਂ ਵਾਲੇ ਬੂਟੇ ਨਾਲ ਤੁਲਨਾ ਦਿਤੀ ਹੈ ਪਰ ਇਕ ਫਰਕ ਨਾਲ। ਕੁਲ ਦੁਨੀਆਂ ਦੇ ਬੂਟਿਆਂ ਦੀ ਜੇ ਜੜ੍ਹ ਸੁੱਕ ਜਾਵੇ ਤਾਂ ਉਹ ਬੂਟੇ ਕੁਮਲਾਂਦੇ ਹਨ ਪਰ ਕੇਵਲ ਮਾਂ ਹੀ ਇਕ ਐਸਾ ਬੂਟਾ ਹੈ ਜੋ ਆਪਣੇ ਫੁੱਲਾਂ (ਭਾਵ ਔਲਾਦ) ਦੇ ਮੁਰਝਾਣ ਨਾਲ ਸੁਕਦਾ ਹੈ :

"ਮਾਂ ਵਰਗਾ ਘਣਛਾਵਾਂ ਬੂਟਾ
ਮੈਨੂੰ ਨਜ਼ਰ ਨਾ ਆਏ।
ਲੈ ਕੇ ਇਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆ ਦੇ ਬੂਟੇ



Sri Satguru Jagjit Singh Ji eLibrary NamdhariElibrary@gmail.com

ਜੜ੍ਹ ਸੁਕਿਆਂ ਮੁਰਝਾਂਦੇ
ਅੰਪਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁੱਕ ਜਾਏ ।"

ਪਿਆਰ, ਕੁਰਬਾਨੀ ਅਤੇ ਪ੍ਰਤਿਪਾਲਨਾ ਦਾ ਵਰਨਣ ਕਰਨ ਵਾਸਤੇ ਜਿੰਨੀਆਂ ਤਸ਼ਬੀਹਾਂ ਜਿੰਨੀਆਂ ਤੁਲਨਾਵਾਂ ਮਾਂ ਨਾਲ ਕੀਤੀਆਂ ਗਈਆਂ ਹਨ । ਹੋਰ ਕਿਸੇ ਨਾਲ ਨਹੀਂ ਕੀਤੀਆਂ ਗਈਆਂ ਹਨ । ਗੁਰਬਾਣੀ ਸਾਹਿਤ ਵਿਚ ਰੱਬ ਅਤੇ ਮਨੁੱਖ ਦੇ ਰਿਸ਼ਤੇ, ਸਤਿਗੁਰੂ ਅਤੇ ਸਿੱਖ ਦੇ ਸੰਬੰਧਾਂ ਨੂੰ ਦਰਸਾਉਣ ਲਈ ਸਭ ਤੋਂ ਉਤਮ ਉਦਾਹਰਣਾਂ ਮਾਂ ਅਤੇ ਪਿਓ ਦੀਆਂ ਦਿਤੀਆਂ ਗਈਆਂ ਹਨ । ਭਾਵ ਜਿਵੇਂ ਮਾਂ ਅਤੇ ਬਾਪ ਦੀਆਂ ਭਾਵਨਾਵਾਂ ਆਪਣੇ ਬੱਚਿਆਂ ਲਈ ਹਨ ਤਿਵੇਂ ਪਰਮਾਤਮਾ ਅਤੇ ਸਤਿਗੁਰੂ ਦੀ ਪਹੁੰਚ ਸਿੱਖ ਪ੍ਰਤੀ ਹੈ :

ਮਾਤਾ ਬਾਰਕ ਦੇਖ ਅਨੰਦ
ਤਿਓ ਹਰਿ ਜਨੁ ਜੀਵੈ ਜਪਿ ਗੋਬਿੰਦ
(ਬਸੰਤ ਮ: ੫)

ਮਾਤ ਪਿਤਾ ਦਇਆ ਜਿਉ ਬਾਲਾ
(ਰਾਮਕਲੀ ਮ: ੫)

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥
ਮੀਨੇ ਪ੍ਰੀਤਿ ਭਈ ਜਲ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਏ
(ਗਉੜੀ ਗੁਆਰੇਰੀ ਮ: ੫)

ਜਿਉ ਜਨਨੀ ਸੁਤੁ ਜਣਿ ਪਾਲਤੀ
ਰਾਖੈ ਨਦਰਿ ਮਝਾਰਿ
ਅੰਤਰਿ ਬਾਹਰਿ ਮੁਖਿ ਦੇ ਗਿਰਾਸ
ਖਿਨੁ ਖਿਨੁ ਪੋਚਾਰਿ
ਤਿਉਂ ਸਤਿਗੁਰ ਗੁਰਸਿਖ ਰਾਖਤਾ
ਹਰਿ ਪ੍ਰੀਤਿ ਪਿਆਰਿ
(ਗੁਰੂ ਰਾਮਦਾਸ)

ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ ।
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ
(ਮ: ੫-੬੨੪)

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ
ਤਿਸੁ ਬਾਰਿਕ ਭੂਖ ਕੈਸੀ
ਨਵ ਨਿਧਿ ਨਾਮੁ ਨਿਧਾਨ ਗ੍ਰਿਹਿ ਤੇਰੈ
ਮਨਿ ਬਾਂਛੈ ਸੋ ਲੈਸੀ
(ਮ: ੫, ੧੨੬੬)

ਹਮਰੋ ਪਿਤਾ ਗੋਪਾਲ ਦਇਆਲ
ਜਿਉ ਰਾਖੈ ਮਹਤਾਰੀ ਬਾਰਿਕ ਕਉ
ਤੈਸੇ ਹੀ ਪ੍ਰਭ ਪਾਲ
(ਮ: ੫, ੬੮੦)

——

ਹਮ ਬਾਰਿਕ ਪਿਤਾ ਪ੍ਰਭੁ ਦਾਤਾ

——

ਤੁਮ ਮਾਤ ਪਿਤਾ ਹਮ ਬਾਰਕ ਤੇਰੇ
ਗਉੜੀ ਸੁਖਮਨੀ ਮ: ੫

——

ਦੁਨੀਆ ਵਿਚ ਵਿਚਰਦਿਆਂ ਹਰ ਵਿਅਕਤੀ ਦੇ ਬਹੁਤ ਪੀਚਵੇਂ ਰਿਸ਼ਤੇ ਬਣ ਜਾਂਦੇ ਹਨ ਬਹੁਤ ਪਿਆਰੇ ਲਗਦੇ ਵੀ । ਇਹ ਸਾਰੇ ਸਬੰਧ ਚੰਗੇ ਹਨ ਸੁਖਾਵੇਂ ਵੀ ਪਰ ਇਹ ਰਿਸ਼ਤੇ ਤੋੜੇ ਤੇ ਬਣਾਏ ਜਾ ਸਕਦੇ ਹਨ ਪਰ ਮਾਂ ਦਾ ਇਕ ਰਿਸ਼ਤਾ ਕੇਹੋ ਜਿਹਾ ਹੈ ਇਸ ਬਾਰੇ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਕਥਨ ਹੈ :

"...ਹੋਰ ਸਾਰੇ ਪਿਆਰ ਕਮਾਏ ਜਾ ਸਕਦੇ ਹਨ ਪਰ ਮਾਂ ਪਿਆਰ ਇਕ ਦਾਤ ਹੈ । ਜਿੰਨਾ ਚਿਰ ਹੈ, ਹੈ । ਜਦੋਂ ਖੋਹੀ ਗਈ ਫੇਰ ਇਹਦਾ ਕੋਈ ਬਦਲ ਨਹੀਂ ।

ਬੱਚਿਆਂ ਦੇ ਖਰ੍ਹਵਿਆਂ ਰਾਹਾਂ ਰਸਤਿਆਂ ਉਤੇ ਮਾਂ ਆਪਣੇ ਪਿਆਰ ਦੇ ਫੁੱਲ ਬੁੱਕਾਂ ਮੂੰਹ ਖਿਲਾਰਦੀ ਰਹਿੰਦੀ ਹੈ ।

ਮਾਂ ਪਿਓ ਤੇ ਰੱਬੀ ਰਿਸ਼ਤੇ ਜੇ ਕੋਈ ਕਸਰ ਹੈ ਤਾਂ ਅਮ੍ਰਿਤਾ ਪ੍ਰੀਤਮ ਦੇ ਸ਼ਬਦਾਂ ਵਿਚ ਇਹ ਹੀ ਹੈ ਕਿ :

"ਮਾਪਿਆਂ ਦੇ ਰੱਬ ਵਰਗੇ ਮਹਾਨ ਰਿਸ਼ਤੇ ਵਿਜ ਜੇ ਕਿਤੇ ਕੋਈ ਕਸਰ ਲਗਦੀ ਹੈ ਤਾਂ ਉਹ ਇਹ ਕਿ ਮਾਪੇ ਸਾਰੀ ਉਮਰ ਨਾਲ ਨਹੀਂ ਨਿਭਦੇ ।

ਪੰਜਾਬੀ ਅਖਾਣਾਂ ਵਿਚ ਮਾਂ ਪਿਓ ਨੂੰ ਸਦਾ ਯਾਦ ਕੀਤਾ :

"ਰੁੱਤ ਰੁੱਤ ਆ ਮਿਲਦੇ,
ਮਾਪੇ ਅਲੜ੍ਹ ਬਾਗ ਦੇ ਮੇਵੇ

——

ਮਾਵਾਂ ਠੰਡੀਆਂ ਛਾਵਾਂ
ਪੇਕੇ ਮਾਵਾਂ ਨਾਲ ।

ਅਮਰੀਕਾ ਦੇ ਮਸ਼ਹੂਰ ਨੇਤਾ ਅਬਰਾਹਮ ਲਿੰਕਨ ਨੇ ਪਰਧਾਨਗੀ ਦੇ ਅਹਿਮ ਅਹੁਦੇ ਤੇ ਹੁੰਦਿਆਂ ਹੋਇਆਂ ਕਿਹਾ ਸੀ ।

"ਮੈਂ ਜੋ ਕੁਝ ਹਾਂ ਜਾਂ ਹੋਣ ਦੀ ਆਸ ਰਖਦਾ ਹਾਂ ਅਪਣੀ ਫਰਿਸ਼ਤਿਆਂ ਵਰਗੀ ਮਾਂ ਦਾ ਸਦਕਾ ਹਾਂ ।"



Sri Satguru Jagjit Singh Ji eLibrary NamdhariElibrary@gmail.com

ਜਿੰਨੇ ਵੱਖ ਵੱਖ ਰੂਪਾਂ ਅਤੇ ਪਰਸੰਗਾਂ ਵਿਚ ਮਾਂ ਨੂੰ ਵੇਖਿਆ ਗਿਆ ਹੈ ਸ਼ਾਇਦ ਕਿਤੇ ਹੋਰ ਰਿਸ਼ਤੇ ਨੂੰ ਨਹੀਂ। ਰਾਬਿੰਦਰ ਨਾਥ ਟੈਗੋਰ ਦਾ ਅਪਣਾ ਹੀ ਅੰਦਾਜ਼ ਅਤੇ ਦ੍ਰਿਸ਼ਟੀ ਕੋਣ ਹੈ ਉਹ ਕਹਿੰਦੇ ਹਨ :

"ਰੁੱਤਾਂ ਨਾਲ ਜੇ ਤੁਲਨਾ ਕਰੀਏ ਤਾਂ ਮਾਂ ਹੈ ਬਰਸਾਤ ਰੁੱਤ, ਪਾਣੀ ਦਿੰਦੀ ਹੈ, ਫਲ ਦਿੰਦੀ ਹੈ, ਤਾਪ ਦੂਰ ਕਰਦੀ ਹੈ। ਦੇਵ ਲੋਕ ਤੋਂ ਆਪਣੇ ਆਪ ਨੂੰ ਵਰੋਸਾ ਕੇ ਸਾਨੂੰ ਭਰਪੂਰ ਕਰਦੀ ਹੀ ਰਹਿੰਦੀ ਹੈ। ਰੁਖਾਈ ਨੂੰ ਮੇਟਦੀ ਹੈ ਤੇ ਸਾਡੀਆਂ ਤਰੁਟੀਆਂ ਨੂੰ ਭਰਦੀ ਰਹਿੰਦੀ ਹੈ।"

ਮਾਂ ਦਾ ਸਬੰਧ ਬਹੁਤ ਪਿਆਰਾ ਹੈ ਜੇ ਕੋਈ ਬਹੁਤ ਚੰਗਾ ਕੰਮ ਕਰਦਾ ਹੈ ਤਾਂ ਝਟ ਮਾਂ ਨੂੰ ਧੰਨ ਕਿਹਾ ਜਾਂਦਾ ਹੈ ਜੇ ਮਾੜਾ ਕਰਦਾ ਹੈ ਤਾਂ ਵੀ ਮਾਂ ਨੂੰ ਗਾਲ ਜਾਂਦੀ ਹੈ। ਵਿਅਕਤੀ ਅੰਸ਼ ਹੈ ਅਤੇ ਉਸ ਦਾ ਮੂਲ ਮਾਂ ਹੈ। ਵਡੇ ਵਡੇ ਮਹਾਂਪੁਰਸ਼ਾਂ, ਗੁਰੂਆਂ, ਸੂਰਬੀਰਾਂ ਦੀ ਸਿਫਤ ਕਰਨ ਲਗਿਆਂ ਆਪ ਮੁਹਾਰੇ ਮੂੰਹੋਂ ਨਿਕਲ ਪੈਂਦਾ ਹੈ ਕਿ ਉਹ ਮਾਂ ਧੰਨ ਹੈ ਜਿਸ ਨੇ ਐਸਾ ਵਿਅਕਤੀ ਜਣਿਆ। ਲੋਕ ਬੋਲਾਂ ਚੋਂ ਆਪਣੇ ਆਪ ਨਿਕਲਦਾ ਹੈ :

"ਧੰਨ ਨੇ ਓਹਨਾਂ ਦੀਆਂ ਮਾਵਾਂ
ਜਿਨ੍ਹਾਂ ਦੇ ਪੁਤ ਨਾਮ ਜਪਦੇ"
—ਲੋਕ ਗੀਤ

——

ਧੰਨ ਜਣੇਦੀ ਮਾਇ ਸਹਿਲਾ ਆਇਆ
—ਭਾਈ ਗੁਰਦਾਸ

——

ਤਿਨ ਧੰਨੁ ਜਣੇਦੀ ਮਾਉ, ਆਏ ਸਫਲ ਸੇ
—ਫਰੀਦ

——

ਜਦੋਂ ਵੀ ਕਿਸੇ ਦੇ ਗੁਣ ਪਰਉਪਕਾਰ ਅਤੇ ਬਖਸ਼ਿਸ਼ ਯਾਦ ਆਉਂਦੀ ਹੈ ਤਾਂ ਝਟ ਉਸ ਦੀ ਸੰਗਯ ਮਾਂ ਨਾਲ ਕੀਤੀ ਜਾਂਦੀ ਹੈ। ਜੇ ਧਰਤੀ ਵਿਚੋਂ ਅੰਨ ਉਗਦਾ ਹੈ ਤਾਂ ਧਰਤੀ ਨੂੰ ਧਰਤੀ ਮਾਤਾ ਕਿਹਾ ਜਾਂਦਾ ਹੈ। ਜੇ ਗਊ ਦੁਧ ਦੇਂਦੀ ਅਤੇ ਖੇਤੀ ਲਈ ਬੈਲ ਪੈਦਾ ਕਰਦੀ ਹੈ ਤਾਂ ਕਿਸਾਨ ਉਸ ਨੂੰ ਗਊ ਮਾਤਾ ਕਰਕੇ ਪੁਕਾਰਨ ਲਗੇ ਇਥੋਂ ਤਕ ਕੇ ਭਾਰਤ ਵਾਸੀਆਂ ਨੇ ਆਪਣੇ ਦੇਸ਼ ਨੂੰ ਵੀ ਮਾਤਾ, ਭਾਰਤ ਮਾਤਾ ਕਿਹਾ ਹੈ। ਜੇ ਰੱਬ ਦੀ ਤਸ਼ਰੀਹ ਕਰਨੀ ਹੋਵੇ ਤਾਂ ਕਹੀਦਾ ਹੈ ਉਹ ਮਾਂ ਵਰਗਾ ਹੈ ਅਤੇ ਜੇ ਮਾਂ ਦੀ ਤੁਲਨਾ ਕਰਨੀ ਹੋਵੇ ਤਾਂ ਕਹੀਦਾ ਹੈ ਉਹ ਰੱਬ ਵਰਗੀ ਹੈ ਭਾਵ ਮਾਂ ਅਤੇ ਰੱਬ ਸਮਅਰਥੀ ਹੋ ਗਏ ਹਨ। ਮਾਂ ਦਾਤ, ਦਇਆ ਅਤੇ ਪ੍ਰੇਮ ਦਾ ਪ੍ਰਤੀਕ ਹੀ ਬਣ ਗਈ। ਇਨਸਾਨੀ ਹਿਰਦੇ ਵਿਚ ਇਹ ਏਨੀ ਉਤਰ ਚੁਕੀ ਹੈ ਕਿ ਜਦੋਂ ਕਿਤੇ ਚਾਣਚਕ ਕਿਸੇ ਨੂੰ ਦੁਖ ਤਕਲੀਫ ਪੀੜ ਹੋਵੇ ਤਾਂ ਹੋਰ ਕਿਸੇ ਦਾ ਨਾਮ ਮੂੰਹੋਂ ਨਹੀਂ ਨਿਕਲਦਾ ਯਕਦਮ ਹਾਏ ਮਾਂ ਹੀ ਮੂੰਹ ਚੋਂ ਨਿਕਲਦਾ ਹੈ।

ਕੇਵਲ ਇਨਸਾਨਾਂ ਵਿਚ ਹੀ ਨਹੀਂ ਇਹ ਮਾਂ ਦੀ ਮਮਤਾ ਦਾ ਨਜ਼ਾਰਾ ਜਾਨਵਰਾਂ ਵਿਚ ਵੀ ਪ੍ਰਤੱਖ ਦਿਸੇਗਾ। ਜਦ ਬਿਲੀ ਬੱਚੇ ਦਿੰਦੀ ਹੈ ਤਾਂ ਆਪਣੇ ਬਲੂੰਗੜਿਆਂ ਨੂੰ ਬਹੁਤ ਲੁਕਾ ਕੇ ਰਖਦੀ ਹੈ ਉਸ ਸਮੇਂ ਉਸ ਕੋਲ ਜਾਵੋ ਤਾਂ ਉਹ ਸ਼ੀਹਨੀ ਦਾ ਰੂਪ ਧਾਰ ਕੇ ਵਾਰ ਕਰੇਗੀ। ਜਦੋਂ ਆਲੇ ਦੁਆਲੇ ਇਹ ਪਤਾ ਲਗ ਜਾਂਦਾ ਹੈ ਇਸ ਥਾਂ ਬਿਲੀ ਨੇ ਬਚੇ ਦਿਤੇ ਹਨ ਤਾਂ ਉਹ ਆਪਣੇ ਬਚਿਆਂ ਨੂੰ ਚੁਕ ਕੇ ਕਿਸੇ ਹੋਰ ਗੁਪਤ ਥਾਂ ਲੈ ਜਾਵੇਗੀ। ਕਹਿੰਦੇ ਨੇ ਬਚਿਆਂ ਦੀ ਰਾਖੀ ਖਾਤਰ ਉਹ ਸਤ ਘਰ ਫਿਰਦੀ ਹੈ। ਉਹ ਜਿਹੜੇ ਤਿਖੇ ਦੰਦਾਂ ਨਾਲ ਚੂਹਿਆਂ ਦਾ ਕੀਮਾ ਕੀਮਾ ਕਰ ਦਿੰਦੀ ਹੈ ਆਪਣੇ ਬਚਿਆਂ ਵਾਸਤੇ ਉਹ ਦੰਦ ਰੂੰ ਵਰਗੇ ਨਰਮ ਕਰਕੇ ਧੌਣਾਂ ਤੋਂ ਫੜ ਕੇ ਉਹਨਾਂ ਦੇ ਥਾਂ ਬਦਲਦੀ ਹੈ। ਸੂਈ ਕੁੱਤੀ ਦੇ ਕੋਲ ਜਾਣਾ ਖਤਰੇ ਤੋਂ ਖਾਲੀ ਨਹੀਂ। ਪੰਛੀਆਂ ਦੇ ਆਂਡਿਆਂ ਵਾਲੇ ਆਹਲਣਿਆਂ ਕੋਲ ਜਾਣਾ ਵੀ ਦੁਸ਼ਮਣੀ ਸਹੇੜਨ ਵਾਲੀ ਗਲ ਹੁੰਦੀ ਹੈ।

ਮਾਂ ਦਾ ਚਿਤ ਕਿਵੇਂ ਆਪਣੇ ਬਾਲਕ ਵਿਚ ਰਹਿੰਦਾ ਹੈ ਇਸ ਦੀਆਂ ਮਿਸਾਲਾਂ ਵੀ ਗੁਰਬਾਣੀ ਵਿਚ ਹਨ।

ਮੰਦਰੁ ਏਕੁ ਦੁਆਰ ਦਸ ਜਾਕੇ
ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ
ਚੀਤੁ ਸੁ ਬਛਰਾ ਰਾਖੀਅਲੇ ॥ ੩ ॥

——

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ
ਅੰਤਰਿ ਬਾਹਰਿ ਕਾਜ ਬਿਰੂਧੀ, ਚੀਤ ਸੁ ਬਾਰਿਕ ਰਾਖੀਅਲੇ

ਗੁਰੂ ਅਰਜਨ ਦੇਵ ਜੀ ਨੇ ਕੂੰਜਾਂ ਦੀ ਉਦਾਹਰਣ ਦਿਤੀ ਹੈ। ਕੂੰਜਾਂ ਅਪਣਿਆਂ ਬਚਿਆਂ ਨੂੰ ਹਜ਼ਾਰਾਂ ਮੀਲ ਪਿਛੇ ਛੱਡ ਕੇ ਆਉਂਦੀਆਂ ਹਨ ਅਤੇ ਬਚਿਆਂ ਦੀ ਸੁਰਖਿਆ ਵਾਸਤੇ ਮਨ ਵਿਚ ਸਿਮਰਨ ਕਰਦੀਆਂ ਹਨ।

ਉਡੇ ਉਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ।
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਣੁ ਕਰਿਆ ॥

ਮਾਂ ਦਾ ਨਾਮ ਵੀ ਕੁਦਰਤ ਨੇ ਰਖਿਆ ਹੈ। ਜਦੋਂ ਬਚਾ ਜੰਮਦਾ ਹੈ ਤਾਂ ਸ਼ਾਇਦ ਪਹਿਲਾ ਸ਼ਬਦ ਓਹ-ਮਾਂ ਹੀ ਕਹਿੰਦਾ ਹੈ। ਮਾਂ ਸ਼ਬਦ ਕਿਸੇ ਬਾਹਰੋਂ ਨਹੀਂ ਰਖਿਆ। ਇਹ


Sri Satguru Jagjit Singh Ji eLibrary NamdhariElibrary@gmail.com

ਇਨਸਾਨ ਦੇ ਮੂੰਹੋਂ ਬਾਲਕ ਰੂਪ ਵਿਚ ਨਿਕਲਿਆਂ ਸੁਤੇ ਸਿਧ ਪਹਿਲਾ ਸ਼ਬਦ ਹੈ। ਇਸੇ ਵਾਸਤੇ ਸੰਸਾਰ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਮਾਂ ਸ਼ਬਦ ਮਿਲਦਾ ਜੁਲਦਾ ਹੈ। ਜੇ ਪੰਜਾਬੀ ਵਿਚ ਮਾਂ ਜਾਂ ਮਾਈ ਹੈ ਤਾਂ ਹਿੰਦੀ ਵਿਚ ਮਾਤਾ ਪ੍ਰਸਿਧ ਹੈ, ਉਰਦੂ ਫਾਰਸੀ ਵਾਲੇ ਮਾਦਰ ਕਹਿੰਦੇ ਹਨ ਤਾਂ ਅੰਗਰੇਜ਼ੀ ਭਾਸ਼ਾ ਵਾਲੇ ਮਦਰ ਕਹਿੰਦੇ ਹਨ। ਮਾਅਮ, ਮਾਅਮਾ, ਮਮਾ, ਮੰਮੀ ਮਾਮ ਸਭ ਮਿਲਦੇ ਜੁਲਦੇ ਨਾਮ ਹਨ। ਸ਼ਾਇਦ ਇਕ ਮਾਂ ਦਾ ਨਾਮ ਹੀ ਸਾਰੀਆਂ ਭਾਸ਼ਾਵਾਂ ਵਿਚ ਸਰਬ ਵਿਆਪੀ ਹੈ।

ਇਡੇ ਮਹਾਨ ਗੁਣਾਂ ਅਤੇ ਰੁਤਬੇ ਵਾਲੀ ਮਾਂ ਘਰਾਂ ਵਿਚ ਧਿਆਨ ਨੂੰ ਤਰਸਦੀ ਰਹਿੰਦੀ ਹੈ। ਜਦੋਂ ਉਸ ਕੋਲ ਮਾਇਕ ਸਰੋਤ ਨਾ ਹੋਣ ਜਦੋਂ ਉਹਦਾ ਸਿਰ ਦਾ ਸਾਈਂ ਸਮਰਥ ਨਾ ਰਵੇ ਤਾਂ ਜੋ ਉਸ ਦੀ ਹਾਲਤ ਹੁੰਦੀ ਹੈ ਉਹ ਕੈਦੀ ਤੋਂ ਵੀ ਭੈੜੀ ਹੁੰਦੀ ਹੈ। ਮਮਤਾ ਉਸ ਨੂੰ ਘਰ ਤਿਆਗਣ ਨਹੀਂ ਦਿੰਦੀ। ਉਹ ਸਮਝਦੀ ਆਪਣੇ ਆਪ ਨੂੰ ਘਰ ਦੀ ਸੁਆਮਣ ਹੈ ਪਰ ਅਗੋਂ ਨੂੰਹਾਂ ਇਹ ਹੱਕ ਖੋਹ ਚੁੱਕੀਆਂ ਹੁੰਦੀਆਂ ਹਨ ਫੇਰ ਮਾਂ ਦੀ ਚੰਗੀ ਵੀ ਮੰਦੀ ਲਗਦੀ ਹੈ ਜਿਹਨੇ ਜੁਆਨੀ ਵੇਲੇ ਰਾਜ ਭਾਗ ਮਾਣਿਆ ਹੁੰਦਾ ਹੈ ਉਹ ਆਪਣੀ ਔਲਾਦ ਨੂੰ ਦਾਤਾਂ ਵੰਡਦੀ ਵੰਡਦੀ ਅੰਤ ਉਤੇ ਬਚਿਆਂ ਤੇ ਨਿਰਭਰ ਹੋ ਜਾਂਦੀ ਹੈ ਉਹਨਾਂ ਦੀ ਮਿਹਰਬਾਨੀ ਦੀ ਮੁਥਾਜ ਹੋ ਜਾਂਦੀ ਹੈ।

ਪਿਛਲੇ ਦਿਨੀਂ ਇਕ ਮਾਈ ਦੇ ਚੜ੍ਹਾਈ ਕਰ ਜਾਣ ਤੇ ਉਸ ਨਮਿਤ ਰਖੇ ਭੋਗ ਤੇ ਜਾਣ ਦਾ ਅਵਸਰ ਮਿਲਿਆ। ਉਥੇ ਲੰਗਰ ਦਾ ਵੀ ਤਗੜਾ ਪਰਬੰਧ ਸੀ। ਉਥੇ ਲੋਕਾਂ ਨੂੰ ਕਹਿੰਦਿਆਂ ਸੁਣਿਆ ਕਿ ਜਿੰਨਾ ਖਰਚ ਅੱਜ ਮਾਈ ਦੇ ਪੁੱਤ ਨੇ ਕੀਤਾ ਹੈ ਜੇ ਇਹਦੇ ਤੋਂ ਦਸਵਾਂ ਹਿੱਸਾ ਵੀ ਇਲਾਜ ਤੇ ਕਰ ਦਿੰਦਾ ਤਾਂ ਅਜੇ ਮਾਈ ਕਈ ਸਾਲ ਹੋਰ ਜਿਊਂਦੀ ਰਹਿੰਦੀ। ਇਹ ਹੀ ਹਾਲ ਬਜ਼ੁਰਗ ਪਿਤਾਵਾਂ ਦਾ ਹੁੰਦਾ ਹੈ। ਜਦੋਂ ਬਜ਼ੁਰਗ ਕਮਾਈ ਕਰਨੋ ਅਸਮਰਥ ਜਾਂ ਬੀਮਾਰ ਹੋ ਜਾਂਦੇ ਹਨ ਉਸ ਵੇਲੇ ਜੇ ਪੁੱਤ ਉਹਨਾਂ ਦਾ ਸਤਿਕਾਰ ਕਰਨ ਤਾਂ ਉਹ ਪੁਤ ਅਖਵਾਉਣ ਦੇ ਹੱਕਦਾਰ ਹਨ।

ਕੁਰਾਨ ਵਿਚ ਮਾਤਾ ਪਿਤਾ ਬਾਰੇ ਮੁਹੰਮਦ ਸਾਹਿਬ ਦਾ ਫਰਮਾਨ ਦਰਜ ਹੈ:

"ਖੁਦਾ ਦਾ ਇਹ ਹੁਕਮ ਹੈ ਕਿ ਤੁਸੀਂ ਸਵਾਏ ਉਸਦੇ ਹੋਰ ਕਿਸੇ ਦੀ ਵੀ ਪੂਜਾ ਨਾ ਕਰੋ ਅਤੇ ਆਪਣੇ ਮਾਤਾ ਪਿਤਾ ਪ੍ਰਤਿ ਸੁਹਿਰਦ ਰਹੋ, ਭਾਵੇਂ ਉਹਨਾਂ ਵਿਚੋਂ ਇਕ ਜਾਂ ਦੋਵੇਂ ਹੀ ਬੁਢੇਪੇ ਵਿਚ ਪਹੁੰਚ ਚੁਕੇ ਹੋਣ ਅਤੇ ਤੁਹਾਡੇ ਨਾਲ ਰਹਿੰਦੇ ਹੋਣ। ਉਹਨਾਂ ਨੂੰ ਫਟਕਾਰ ਮਤ ਪਾਓ। ਨਾ ਹੀ ਉਹਨਾਂ ਨੂੰ ਬੁਰਾ ਭਲਾ ਕਹੋ, ਸਗੋਂ ਉਹਨਾਂ ਨਾਲ ਬੜੇ ਇਜ਼ਤ ਵਾਲੇ ਸ਼ਬਦ ਵਰਤੋ ਅਤੇ ਬੜੀ ਨਿਮਰਤਾ ਸਹਿਤ ਕੋਮਲ ਸ਼ਬਦ ਬੋਲੋ ਅਤੇ ਕਹੋ, "ਹੇ ਪਰਮਾਤਮਾ ਇਹਨਾਂ ਦੋਹਾਂ ਉਤੇ ਦਇਆ ਕਰੇ, ਜਿਵੇਂ ਉਹਨਾਂ ਨੇ ਜਦੋਂ ਮੈਂ ਛੋਟਾ ਹੁੰਦਾ ਸੀ ਪਾਲਿਆ ਸੀ। ਤੁਹਾਡਾ ਪਰਮਾਤਮਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਤੁਹਾਡੀਆਂ ਆਤਮਾਵਾਂ ਵਿਚ ਕੀ ਹੈ ਅਤੇ ਉਹ ਇਹ ਵੀ ਜਾਣਦਾ ਹੈ ਕਿ ਤੁਸੀਂ ਕਿੰਨੇ ਕੁ ਧਰਮੀ ਹੋ।"

ਕੁਰਾਨ xviii-24-26

ਨੱਬੀ ਨੇ ਕਿਹਾ:

"ਪਰਮਾਤਮਾ ਬਹਿਸ਼ਤ ਵਿਚ ਉਹਨਾਂ ਨੂੰ ਬੜੇ ਉੱਚੇ ਰੁਤਬੇ ਬਖਸ਼ੇਗਾ ਜੋ ਆਪਣੇ ਮਾਂ ਬਾਪ ਦੀ ਪੂਰਨ ਭਗਤੀ ਨਾਲ ਸੇਵਾ ਕਰਦੇ ਹਨ।

ਨੱਬੀ ਨੇ ਕਿਹਾ:

"ਬਹਿਸ਼ਤ ਮਾਂ ਦੇ ਚਰਨਾਂ ਤਲੇ ਵਾਕਿਆ ਹੈ।"

—ਹਦੀਸ ਵਿਚੋਂ

(ਸੰਸਾਰ ਦੇ ਕੁਝ ਮੁਖ ਧਰਮ—ਲੇਖਕ ਗੁਰਚਰਨ ਸਿੰਘ ਤਾਲਿਬ ਵਿਚੋਂ)

ਸਿਖ ਵਿਚਾਰਧਾਰਾ ਅਤੇ ਇਤਿਹਾਸ ਦੇ ਉਘੇ ਲੇਖਕ ਤੇ ਵਿਚਾਰਵਾਨ ਭਾਈ ਗੁਰਦਾਸ ਜੀ ਮਾਤਾ ਪਿਤਾ ਦੇ ਆਦਰ-ਸਤਿਕਾਰ ਬਾਰੇ ਸਪਸ਼ਟ ਲਿਖਿਆ ਹੈ:

"ਮਾਂ ਵਿਭਚਾਰਨੀ ਵੀ ਹੋਵੇ ਤਾਂ ਪੁਤਰ ਦਾ ਕੰਮ ਨਹੀਂ ਇਸ ਗਲ ਨੂੰ ਪਤਾਰਨ।"

"ਜੇ ਮਾਂ ਹੋਵੈ ਜਾਰਨੀ ਕਿਉਂ ਪੁੱਤੁ ਪਤਾਰੇ"

ਭਾਈ ਗੁਰਦਾਸ ਜੀ ਨੇ ਚਾਰ ਪਉੜੀਆਂ ਹੀ ਮਾਤਾ ਪਿਤਾ ਅਤੇ ਪੁੱਤਰਾਂ ਨੂੰਹਾਂ ਦੇ ਸੰਬੰਧਾਂ ਨੂੰ ਬਿਆਨ ਕਰਨ ਤੇ ਲਾਈਆਂ ਹਨ। ਇਕ ਪਉੜੀ ਚੋਂ ਉਹ ਕਹਿੰਦੇ ਹਨ ਕਿ ਜਦੋਂ ਮਾਤਾ ਪਿਤਾ ਦੇ ਮਿਲਾਪ ਤੋਂ ਜੀਵ ਮਾਤਾ ਦੇ ਉਧਰ ਵਿਚ ਨਿਵਾਸ ਕਰਦਾ ਹੈ ਤਾਂ ਉਸ ਵੇਲੇ ਤੋਂ ਮਾਂ ਆਸਾਵੰਤੀ ਹੋ ਜਾਂਦੀ ਹੈ। ਉਹ ਨਲੱਜ ਹੋ ਕੇ ਰਸ ਕੱਸ ਖਾਂਦੀ ਹੈ ਧਰਤੀ ਤੇ ਪੈਰ ਸੰਭਾਲ ਕੇ ਧਰਦੀ ਹੈ। ਦਸ ਮਹੀਨੇ ਪੇਟ ਵਿਚ ਸੰਭਾਲ ਕੇ ਪੀੜ ਸਹਿ ਸਹਿ ਕੇ ਪਿਆਰੇ ਪੁੱਤ ਨੂੰ ਜਨਮ ਦਿੰਦੀ ਹੈ। ਜਨਮ ਦੇ ਕੇ ਫਿਰ ਉਹ ਆਪ ਕਸ਼ਟਾਂ ਵਿਚ ਪੈ ਕੇ ਅਤੇ ਖਾਣ ਪੀਣ ਵਿਚ ਸੰਜਮ ਵਰਤਕੇ ਪੁੱਤਰ ਦੀ ਪਾਲਣਾ ਕਰਦੀ ਹੈ। ਉਹ ਬੱਚੇ ਨੂੰ ਗੁੜਤੀ ਦਿੰਦੀ ਹੈ ਦੁੱਧ ਪਿਆਉਂਦੀ ਹੈ। ਚੰਗੇ ਕਪੜੇ ਅਤੇ ਚੰਗੇ ਭੋਜਨ ਨਾਲ ਪੁੱਤ ਪਾਲਦੀ ਹੈ ਅਤੇ ਮਨ ਵਿਚ ਉਹਨਾਂ ਦਾ ਭਦਨ ਕਰਨ, ਮੰਗਣੀ ਕਰਨ ਅਤੇ ਪੜ੍ਹਾਈ ਕਰਾਉਣੀ ਚਿਤਾਰਦੀ ਹੈ ਫਿਰ ਪਾਂਧੇ, ਅਧਿਆਪਕ ਕੋਲ ਭੇਜ ਕੇ ਉਹਨੂੰ ਵਿਦਿਆ ਦਿਵਾਉਂਦੀ ਹੈ। ਮਾਤਾ ਪਿਤਾ ਅਪਣੀ ਖੱਟੀ ਨੂੰ ਪੁੱਤਰ ਉਤੇ ਲੁਟਾ ਕੇ ਸਚਿਆਰੇ ਬਣਦੇ ਹਨ ਅਤੇ ਆਪਣੇ ਵਲੋਂ ਇਹ ਕਾਰਜ ਕਰਕੇ ਅਪਣੇ



Sri Satguru Jagjit Singh Ji eLibrary NamdhariElibrary@gmail.com

ਅਪਣੇ ਸਿਰ ਤੋਂ ਭਾਰ ਉਤਰਿਆ ਸਮਝਦੇ ਹਨ ।

ਅਗਲੀ ਪਉੜੀ ਵਿਚ ਭਾਈ ਸਾਹਿਬ ਅਪਣੇ ਵੇਲੇ ਦੇ ਸਮਾਜ ਦਾ ਨਕਸ਼ਾ ਖਿਚਦੇ ਦਸਦੇ ਹਨ ਕਿ ਪੁੱਤ ਦੀ ਕੁੜਮਾਈ ਕਰਕੇ ਮਾਤਾ ਪਿਤਾ ਬਹੁਤ ਆਨੰਦ ਖੁਸ਼ੀ ਮਹਿਸੂਸ ਕਰਦੇ ਹਨ । ਇਸ ਖੁਸ਼ੀ ਵਿਚ ਮਾਂ ਮਿਉਂਦੀ ਨਹੀਂ ਤੇ ਸੋਹਲੇ ਗਾਕੇ ਸੁਖੀ ਹੁੰਦੀ ਹੈ । ਪ੍ਰਸੰਨ ਤੇ ਵਿਗਸੀ ਹੋਈ ਮਾਂ ਫਿਰ ਪੁੱਤ ਦਾ ਵਿਆਹੁ ਕਰਦੀ ਹੈ, ਘੋੜੀ, ਲਾਵਾਂ ਸਮੇਂ ਗਾ ਗਾ ਕੇ ਭਲਾ ਮੰਨਦੀ ਹੈ । ਪੁੱਤ ਨੂੰਹ ਦੇ ਮੇਲ ਵੇਖ ਕੇ ਮਾਂ ਸੁਖਾਂ ਸੁਖਦੀ ਹੈ । (ਪਰ ਇਸ ਬਾਦ ਹਾਲਾਤ ਕਰਵਟ ਲੈਂਦੇ ਹਨ) ਉਹ ਨੂੰਹ ਸਦਾ ਆਪਣੇ ਪਤੀ ਨੂੰ ਕੁਮੱਤ ਦਿੰਦੀ ਹੈ ਜਿਸ ਕਰਕੇ ਦੋਵੇਂ ਜੀ ਵਿਹਰ ਜਾਂਦੇ ਹਨ ਅਤੇ ਸੱਸ ਦੁੱਖੀ ਹੁੰਦੀ ਹੈ । ਮਾਪਿਆਂ ਦੇ ਲੱਖਾਂ ਹੀ ਉਪਕਾਰ ਵਿਸਾਰਕੇ ਪੁਤ ਕੁਪੁਤ ਬਣ ਜਾਂਦਾ ਹੈ ਤੇ ਝਗੜੇ ਦੀ ਚੱਕੀ ਝੋ ਦਿੰਦਾ ਹੈ । ਇਸ ਸਾਰੇ ਵਰਤਾਰੇ ਵਿਚ ਕੋਈ ਕੁ ਵਿਰਲਾ ਹੀ ਹੈ ਜੋ ਸਰਵਣ ਕੁਮਾਰ ਵਾਂਗ ਆਗਿਆਕਾਰੀ ਬਣੇ ।

ਤੀਸਰੀ ਪਉੜੀ ਵਿਚ ਵੀ ਇਸ ਵਰਤਾਰੇ ਦੀ ਵਿਆਖਿਆ ਕੀਤੀ ਹੈ ਕਿ ਕਿਵੇਂ ਪੁੱਤ ਮਾਪਿਆਂ ਦੇ ਸਾਰੇ ਉਪਕਾਰ ਭੁਲਾ ਦਿੰਦਾ ਹੈ । ਮਾਂ ਪਿਓ ਨੂੰ ਛੱਡਣਾ ਵਡੇ ਹਤਿਆਰੇ ਹੋਣਾ ਵੀ ਕਿਹਾ ਹੈ ।

ਅੱਜ ਵੀ ਅਸੀਂ ਵੇਖਦੇ ਹਾਂ ਕਿ ਸਭ ਅਕਲਾਂ, ਪੜ੍ਹਾਈਆਂ, ਚੱਜ ਆਚਾਰ ਹੁੰਦਿਆਂ ਸੁੰਦਿਆਂ ਮਾਪਿਆਂ ਪ੍ਰਤੀ ਸੁਤੰ ਹੀ ਅਣਗਹਿਲੀ ਹੋ ਜਾਂਦੀ ਹੈ । ਵਿਅਕਤੀ ਬਾਹਰੀ ਦੁਨੀਆ ਵਿਚ ਧਰਮ ਕਰਮ ਕਰਦਾ ਹੈ ਅਤੇ ਜੱਸ ਵੀ ਖਟਦਾ ਹੈ ਪਰ ਘਰ ਦੇ ਠਾਕਰ ਦੀ ਸਾਰ ਨਹੀਂ ਲੈਂਦਾ । ਇਸ ਪਰਥਾਇ ਭਾਈ ਗੁਰਦਾਸ ਅੰਤ ਚੌਥੀ ਪਉੜੀ ਵਿਚ ਨਿਰਣਾ ਦਿੰਦੇ ਹਨ । ਕਿ ਮਾਪਿਆਂ ਦੀ ਅਵ੍ਹੇਲਣਾ ਕਰਕੇ ਧਰਮ ਕਰਮ ਬੇਅਰਥ ਹਨ ।

ਮਾਂ ਪਿਓ ਨੂੰ ਤਿਆਗ ਕੇ ਜੇ ਵੇਦ ਸੁਣਦਾ ਹੈ ਉਹ ਵੇਦ ਦੀ ਕਥਾ ਕਹਾਣੀ ਨਹੀਂ ਜਾਣ ਸਕਦਾ । ਜਿਹੜਾ ਮਾਂ ਪਿਓ ਨੂੰ ਤਿਆਗ ਕੇ ਤਪੁ ਕਰਦਾ ਹੈ ਉਹ ਜੰਗਲ ਬੀਆਬਾਨਾਂ ਵਿਚ ਭੁਲਾ ਫਿਰਦਾ ਹੈ । ਮਾਂ ਪਿਓ ਦਾ ਅਹਵੇਲਣਾ ਕਰਕੇ ਪੂਜਾ ਕਰਦਾ ਹੈ ਤਾਂ ਉਹਦੀ ਪੂਜਾ ਦੇਵੀ ਦੇਵਤੇ ਪ੍ਰਵਾਨ ਨਹੀਂ ਕਰਦੇ । ਅਠਾਹਰਾਂ ਤੀਰਥਾਂ ਤੇ ਵੀ ਇਸ਼ਨਾਨ ਕਰੇ ਪਰ ਜੇ ਮਾਪਿਆਂ ਨੂੰ ਨਜ਼ਰ ਅੰਦਾਜ਼ ਕਰਦਾ ਹੈ ਤਾਂ ਉਹ ਘੁਮਣਘੇਰੀ ਵਿਚ ਫਸਿਆ ਹੋਇਆ ਹੈ । ਜੇ ਉਹ ਵਰਤ ਰਖਦਾ ਹੈ ਪਰ ਮਾਪਿਆਂ ਦਾ ਆਗਿਆਕਾਰ ਨਹੀਂ ਤਾਂ ਉਹ ਮਰਨ ਜਮਣ ਦੇ ਗੇੜ ਅਤੇ ਭਰਮਾਂ ਵਿਚ ਭੁਲਾ ਰਹਿੰਦਾ ਹੈ । ਬਹੁਤ ਵੱਡਾ ਦਾਨੀ ਹੋਵੇ ਪਰ ਜੇ ਉਹ ਮਾਪਿਆਂ ਨੂੰ ਵਿਸਾਰਦਾ ਹੈ ਤਾਂ ਉਹ ਬੇਈਮਾਨ ਵੀ ਹੈ ਅਤੇ ਅਗਿਆਨੀ ਪੁਰਸ਼ ਵੀ । ਅਜਿਹੇ ਵਿਅਕਤੀ ਦੀ ਗੁਰੂ ਅਤੇ ਪਰਮੇਸਰ ਦੀ ਸਾਰ ਨਹੀਂ ਜਾਣੀ ਜਾਂ ਗੁਰੂ ਪਰਮੇਸਰ ਅਜਿਹੇ ਵਿਅਕਤੀ ਦੀ ਸਾਰ ਨਹੀਂ ਲੈਂਦੇ ।

ਮਾਂ ਪਿਉ ਪਰਹਰਿ ਸੁਣੈ ਵੇਦੁ ਨ ਜਾਣੈ ਕਥਾ ਕਹਾਣੀ ।
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ ।
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ ।
ਮਾਂ ਪਿਉ ਪਰਹਰਿ ਨਾਵ੍ਹਣਾ ਅਠਸਠਿ ਤੀਰਥ ਘੁੰਮਣਵਾਣੀ ।
ਮਾਂ ਪਿਉ ਪਰਹਰਿ ਵ[illegible] ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ ।
ਮਾਂ ਪਿਉ ਪਰਹਰਿ ਕਰ ਦਾਨ ਬੇਈਮਾਨ ਅਗਿਆਨ ਪਰਾਣੀ ।
ਗੁਰੁ ਪਰਮੇਸਰੁ ਸਾਰੁ ਨ ਜਾਣੀ ॥ ੧੩ ॥

ਪਰਸਿਧ ਪੰਜਾਬੀ ਕਵੀ ਸੁਰਗਵਾਸੀ ਬਾਵਾ ਬਲਵੰਤ ਦੀ ਇਕ ਕਵਿਤਾ ਹੈ ਸਦਰ ਦਰਵਾਜ਼ਾ । ਸਦਰ ਦਰਵਾਜ਼ਾ ਪ੍ਰਤੀਕ ਹੈ ਜੀਵਨ ਮੌਤ ਦੀ ਸੀਮਾ ਦਾ । ਇਸ ਦਰਵਾਜ਼ੇ ਵਿਚੀਂ ਵਡੇ ਵਡੇ ਰਿਸ਼ੀ, ਵੇਦਾਂ ਦੇ ਰਚਨਹਾਰੇ, ਵਡੇ ਵਡੇ ਸੂਰਮੇ, ਸ਼ਹਿਨਸ਼ਾਹ ਸਮੇਤ ਜੋ ਵੀ ਲੋਕ ਲੰਘ ਕੇ ਗਏ ਉਹ ਵਾਪਸ ਨਹੀਂ ਆਏ । ਬਾਵਾਂ ਬਲਵੰਤ ਕਹਿੰਦੇ ਹਨ ਕਿ ਜਾਣ ਵਾਲੇ ਕੋਈ ਸੁਨੇਹਾ ਨਹੀਂ ਭੇਜਦੇ ਕਿ ਕਿਥੇ ਗਏ ਹਨ । ਏਡਾ ਇਹ ਅਹਿਮ ਦਰਵਾਜ਼ਾ ਹੈ—ਪਰ ਜਿਹੜੇ ਵਾਪਸ ਆਉਂਦੇ ਹਨ ਉਹ ਹੋਰ ਕੋਈ ਗਲ ਨਹੀਂ ਕਹਿੰਦੇ ਉਹ ਕੇਵਲ ਮਾਂ ਮਾਂ ਕਰਦੇ ਹੀ ਆਉਂਦੇ ਹਨ ਆਉਣ ਵਾਲਿਆਂ ਦਾ ਕੇਵਲ ਮਾਂ ਹੀ ਸਹਾਰਾ ਹੈ ।

ਘਰ ਵਿਚ ਵਸਦੇ ਰੱਬ ਮਾਨਤਾ ਅਤੇ ਮਹਾਨਤਾ ਬਾਰੇ ਬਹੁਤ ਕੁਝ ਲਿਖਿਆ ਹੈ ਅਤੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ । ਮਾਂ ਨੂੰ ਖੁਸ਼ ਕਰਕੇ ਰਬ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਦੀ ਅਣਗਹਿਲੀ ਕਰਕੇ ਹੋਰ ਥਾਂ ਸੁਖ ਭਾਲਣਾ ਫਜ਼ੂਲ ਹੈ । ×


**RAINU**
**Engineering Works Regd.**
**Prop. : S. Mohinder Singh**
Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks
Repair of Honda Generators and Diesel Generators
**VINAIK BAZAR, JAMMU.**
Phone No. 46894




Sri Satguru Jagjit Singh Ji eLibrary NamdhariElibrary@gmail.com

# ਔੜਕ ਸੱਚ ਰਹੇ

—ਜਸਵੰਤ ਸਿੰਘ ਰਾਹੀ—

ਕਈ ਚੰਗੇ ਲਫ਼ਜ਼ ਹੁੰਦੇ ਹਨ ਜਿਨ੍ਹਾਂ ਦਾ ਮਤਲਬ ਮੰਦਾ ਹੁੰਦਾ ਹੈ। ਕਈ ਲਫ਼ਜ਼ ਮੰਦੇ ਹੁੰਦੇ ਹਨ ਜਿਨ੍ਹਾਂ ਦਾ ਮਤਲਬ ਚੰਗਾ ਹੁੰਦਾ ਹੈ।

ਜਿਸ ਤਰ੍ਹਾਂ ਕੋਈ ਕਿਸੇ ਨੂੰ ਇਹ ਆਖੇ ਕਿ ਮੈਨੂੰ ਉਹ ਫੁੱਲ ਲਿਆ ਕੇ ਦਿਉ ਜਿਹੜੇ ਕਦੇ ਨਾ ਕਮਲਾਉਣ। ਇਹ ਗਲ ਸੁਣਨ ਵਾਲਾ ਵਿਅਕਤੀ ਫੁਲ ਮੰਗਣ ਵਾਲੇ ਨੂੰ ਬਨਾਉਟੀ ਫੁੱਲ ਲਿਆ ਕੇ ਦਏਗਾ। ਕਿਉਂਕਿ ਅਸਲੀ ਫੁੱਲ ਤਾਂ ਕਮਲਾ ਜਾਂਦੇ ਹੁਨ। ਕਮਲਾ ਜਾਣ ਵਾਲੇ ਫੁੱਲਾਂ ਵਿਚ ਮਹਿਕ ਹੁੰਦੀ ਹੈ।

ਪਰ ਜਿਥੇ ਵੀ ਸੋਭਾ ਪਾਉਣ ਦਾ ਜਾਂ ਪੂਜਾ ਦਾ ਅਵਸਰ ਹੁੰਦਾ ਹੈ ਉਥੇ ਮਹਿਕ ਵਾਲੇ ਫੁੱਲ ਅਤੇ ਹਾਰ ਹੀ ਜ਼ਿੰਦਗੀ ਲਈ ਫਰਜ਼ ਪੂਰਾ ਕਰਦੇ ਹਨ। ਕਮਲਾਉਣ ਵਾਲੇ ਫੁੱਲ ਹੀ ਅਮਰ ਹਨ ਉਹਨਾਂ ਦੀ ਮਹਿਕ ਸਦੀਵੀ ਹੈ। ਉਹਨਾਂ ਦੀ ਇਕ ਅਣਮਿਥ ਕਤਾਰ ਹੁੰਦੀ ਹੈ। ਇਕ ਫਰਜ਼ ਨਿਭਾ ਦਿੰਦਾ ਹੈ ਦੂਜਾ ਉਸ ਦੀ ਥਾਂ ਹਾਜ਼ਰ ਹੁੰਦਾ ਹੁੰਦਾ ਹੈ। ਇਹ ਫੁਲ ਅਮਰ ਹਨ ਅਤੇ ਸਦੀਵੀ।

ਇਸ ਤਰ੍ਹਾਂ ਅਸੀਂ ਜ਼ਬਾਨ ਵਿਚ ਦੂਜੀਆਂ ਜ਼ਬਾਨਾਂ ਦੇ ਲਫ਼ਜ਼ ਬੋਲਦੇ ਹਾਂ। ਜਿਸ ਨਾਲ ਸਾਡੀ ਵਿਦਵਤਾ ਦੀ ਨੁਮੈਸ਼ ਹੁੰਦੀ ਹੈ। ਸੁਨਣ ਵਾਲੇ ਸਾਨੂੰ ਸਿਆਣਾ ਸਮਝਦੇ ਹਨ। ਇਹੋ ਜਿਹੀ ਜ਼ਬਾਨ ਵਿਚ ਮਹਿਕ ਨਹੀਂ ਹੁੰਦੀ। ਸਜਾਵਟ ਹੁੰਦੀ ਹੈ।

ਜਦੋਂ ਅਸੀਂ ਆਪਣਿਆ ਬਚਿਆਂ ਨਾਲ ਘਰ ਵਿਚ ਪਿਆਰ ਸਨੇਹ ਜਾਂ ਬੀਬੀਆਂ ਗੱਲਾਂ ਕਰਦੇ ਹਾਂ ਉਹ ਸਾਡੀ ਮਿੱਟੀ ਦੀ, ਮਾਂ ਦੇ ਦੁਧ ਨਾਲ ਲੋਰੀਆਂ ਰਾਹੀਂ ਸਿੱਖੀ ਹੋਈ ਜ਼ਬਾਨ ਹੁੰਦੀ ਹੈ। ਪ੍ਰਵਾਰਕ ਝਗੜੇ ਜਾਂ ਸੁਲਾਹ ਵਿਚ ਭੇਤ ਦੱਸਣ ਢੱਕਣ ਵਿਚ ਰਿਸਤੇ ਕਰਨ ਛੱਡਣ ਵਿਚ ਦਿਲ ਦੀ ਦਿਲ ਨਾਲ ਗੱਲ ਕਰਨ ਲਈ ਇਹੋ ਜ਼ਬਾਨ ਸਾਡੀ ਰਹਿਨਮਾਈ ਕਰਦੀ ਹੈ।

ਆਉ ਮੈਂ ਤੁਹਾਨੂੰ ਮਾਂ ਤੋਂ ਸਿਖੀ ਹੋਈ ਜ਼ਬਾਨ ਬਾਰੇ ਇਕ ਪੰਜੀ ਸੌ ਸਾਲ ਪੁਰਾਣੀ ਕਥਾ ਸੁਣਾਵਾਂ। ਇਹ ਕਹਾਣੀ ਅਜ ਤਕ ਸੱਚੀ ਮੰਨੀ ਗਈ ਹੈ। ਅਤੇ ਇਹ ਐਸੀ ਮੁਢਲੀ ਕਥਾ ਹੈ ਜਿਸ ਤਰ੍ਹਾਂ ਰੁਖ ਦੀ ਜੜ੍ਹ, ਪਹਾੜ ਦਰਿਆ ਚੰਨ ਸੂਰਜ ਤਾਰੇ ਅਸਮਾਨ ਤੇ ਧਰਤੀ।

ਭਾਰਤ ਵਰਸ਼ ਦੇ ਇਕ ਹਿਸੇ ਵਿਚ ਰਾਜਾ ਭੋਜ ਰਾਜ ਕਰਦਾ ਸੀ। ਉਹ ਕਲਾ ਅਤੇ ਕਲਾਕਾਰਾਂ ਦਾ ਬਹੁਤ ਮਾਣ ਕਰਦਾ ਸੀ। ਵਿਦਵਾਨਾਂ ਨੂੰ ਉਹਨਾ ਦਾ ਮੰਨ ਚਾਹਿਆ ਅਸਥਾਨ ਅਤੇ ਉਚਤਾ ਦਿੰਦਾ ਸੀ। ਉਸ ਕੋਲ ਵਿਦਵਾਨਾਂ ਅਤੇ ਕਲਾਕਾਰਾਂ ਦੀ ਇਕ ਚੋਖੀ ਗਿਣਤੀ ਰਹਿੰਦੀ ਸੀ।

ਉਸਦਾ ਸਰੀਰ ਹਰ ਪੱਖ ਤੋਂ ਸੋਹਣਾ ਸੀ। ਚਮਕਦਾ ਮੱਥਾ, ਨਿਮਰਤਾ ਭਰਿਆ ਸ਼ੇਰ ਜਿਹਾ ਚਿਹਰਾ। ਗਲ ਪਏ ਸੂਹੇ ਗੁਲਾਬੀ ਮਹਿਕਦੇ ਸੁਚੇ ਫੁੱਲਾਂ ਦੇ ਹਾਰ ਨਾਲ ਮੇਲ ਖਾਂਦੀ ਬੁੱਲਾਂ ਦੀ ਮੁਸਕੜੀ। ਜਦ ਉਹ ਆਪਣੇ ਦਰਬਾਰ ਵਿਚ ਅਕੀਦਿਆਂ ਭਰੀ ਮਟਕਦੀ ਤੋਰ ਨਾਲ ਆਉਂਦਾ ਤਾਂ ਚਾਰ ਚੌਫੇਰੇ ਬੈਠੇ ਅਹਿਲਕਾਰ ਅਤੇ ਦਰਬਾਰੀ ਖੁਸ਼ੀ ਮਹਿਸੂਸ ਕਰਦੇ ਉਸ ਦੇ ਲਫਜ਼ਾ ਨੂੰ ਸੁਨਣ ਲਈ ਚੇਤੰਨ ਹੋ ਜਾਂਦੇ।

ਰਾਜਾ ਭੋਜ ਤਖਤ ਉਤੇ ਬੈਠ ਕੇ ਸੱਜੀ ਬਾਂਹ ਦੇ ਹੁਲਾਰੇ ਨਾਲ ਜਿਹੜੇ ਫਰਮਾਨ ਹਵਾ ਵਿਚ ਖਲਾਰਦਾ ਉਹ ਅਹਿਲਕਾਰਾਂ ਦਰਬਾਰੀਆਂ ਤੇ ਉਹਦੀ ਰਈਅਤ ਲਈ ਸੁਭ ਹੁੰਦੇ, ਸੁਖਦਾਇਕ ਹੁੰਦੇ।

ਰਾਜੇ ਭੋਜ ਨੇ ਕਲਾਕਾਰਾਂ ਅਤੇ ਵਿਦਵਾਨਾਂ ਦੀ ਸਾਧਨਾ ਅਤੇ ਤਪਸਿਆ ਦੀ ਕੀਰਤੀ ਕਰਾਮਾਤ ਸੁਣਨ ਪਰਖਣ ਮਾਨਣ ਲਈ ਇਕ ਵੱਖਰਾ ਵਿਦਵਾਨ ਹਾਲ ਬਣਾਇਆ ਹੋਇਆ ਸੀ। ਜਿਹੜਾ ਧਰਤੀ ਨਾਲੋਂ ਇਕ ਮੰਜ਼ਲ ਉਚਾ ਸੀ। ਉਸ ਸੰਗਮਰਮੀ ਹਾਲ ਵਿਚ ਪਰਵੇਸ਼ ਕਰਨ ਲਈ ਸੰਗਮਰਮੀ ਪਉੜੀਆਂ ਸਨ। ਹਾਲ ਦੇ ਬਾਹਰ ਧਰਤੀ ਉਤੇ ਚਾਰ ਚੁਫੇਰੇ ਵੰਨੋ-ਵੰਨ ਫੁਲਾਂ ਫੱਲਾਂ ਦੇ ਬਾਗ ਸਨ। ਮਖਮਲੀ ਘਾਹ ਸੀ। ਵਲ ਖਾਂਦੀਆਂ ਸਹੁਪਣ ਵੰਡਦੀਆਂ ਕੂਲੀਆਂ ਤੇ ਰੇਸ਼ਮੀ ਮਲਾਇਮ ਵੇਲਾਂ ਸਨ।

ਰਾਜੇ ਭੋਜ ਕੋਲ ਵਿਦਵਾਨਾਂ ਦਾ ਵਿਦਵਾਨ, ਕਲਾਕਾਰਾਂ ਦਾ ਕਲਾਕਾਰ, ਸਾਹਿਤਕਾਰਾਂ ਦਾ ਸਾਹਿਤਕਾਰ, ਮਹਾਂ ਚਿੰਤਨ ਦਾ ਵਾਰਸ ਮਹਾਂ ਕਵੀ ਅਤੇ ਨਾਟਕਾਰ ਪੰਡਤ ਕਾਲੀ ਦਾਸ ਜੀ ਦਰਬਾਰ ਦੀ ਸਭ ਤੋਂ ਉਚੀ ਗੱਦੀ ਉਤੇ ਬਰਾਜਦੇ ਸਨ। ਰਾਜੇ ਭੋਜ ਦੀ ਕੋਮਲ ਕਲਾਵਾਂ ਬਾਰੇ ਅਤੇ ਅਮਰ ਸਾਹਿਤ ਦੇ ਕਦਰਦਾਨ ਬਨਣ ਵਿਚ ਕਾਲੀ ਦਾਸ ਜੀ ਦਾ ਬੜਾ ਉਦਮ ਸੀ। ਸਮੇਂ ਸਮੇਂ ਦੂਜਿਆਂ ਰਾਜਾਂ ਦੇ ਵਿਦਵਾਨ ਕਲਾਕਾਰ ਖੋਜੀ ਸਾਹਿਤਕਾਰ ਆਉਂਦੇ ਰਹਿੰਦੇ ਅਤੇ ਹਾਲ ਵਿਚ ਅੰਮ੍ਰਿਤ ਵਰਸ਼ਾ ਹੁੰਦੀ ਰਹਿੰਦੀ। ਅੰਬਰ ਵੱਲ ਉਡਾਰੀਆਂ ਅਤੇ ਪਤਾਲ ਦੀ ਜਾਣਕਾਰੀ ਹੁੰਦੀ ਰਹਿੰਦੀ। ਪੰਡਤ ਕਾਲੀ ਦਾਸ ਜੀ ਅਮਰ ਕਵੀ ਸਨ ਅਤੇ ਅਮਰ ਕਵੀ ਧਰਤੀ ਦੀ ਉਮਰ ਤਕ ਰਹਿਣਗੇ।

ਇਕ ਦਿਨ ਰਾਜੇ ਭੋਜ ਦਾ ਦਰਬਾਰ ਦੁਪਹਿਰ ਦੇ ਸੂਰਜ ਵਾਂਗ ਭਖਿਆ ਹੋਇਆ ਸੀ। ਦਵਾਰ ਪਾਲ ਰਾਜੇ ਭੋਜ



Sri Satguru Jagjit Singh Ji eLibrary NamdhariElibrary@gmail.com

ਦੇ ਸਾਹਮਣੇ ਆ ਕੇ ਝੁਕਿਆ ਤੇ ਪ੍ਰਣਾਮ ਕੀਤੀ। ਰਾਜੇ ਭੋਜ ਨੇ ਪਲਕਾਂ ਚੁਕੀਆਂ ਤੇ ਮੱਥੇ ਦੀਆਂ ਤੀਉੜੀਆਂ ਰਾਹੀਂ ਪੁਛਿਆ ਕੀ ਹਾਲ ਹੈ ? ਦਵਾਰ ਪਾਲ ਨੇ ਨੀਵੀਂ ਨਜ਼ਰੇ ਅਰਜ਼ ਕੀਤੀ...ਮਹਾਰਾਜੇ ਭੋਜ ਦਾ ਤੇਜ ਤੱਪ ਦੂਣਾ ਹੋਵੇ, ਬਾਹਰ ਇਕ ਵਿਦਵਾਨ ਪੰਡਤ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਆਗਿਆ ਹੋਵੇ ਤਾਂ ਮਹਾਰਾਜ ਦੇ ਦਰਬਾਰ ਵਿਚ ਹਾਜ਼ਰ ਕਰਾਂ।

...ਆਗਿਆ ਹੈ।...ਰਾਜੇ ਭੋਜ ਨੇ ਉਤਰ ਦਿਤਾ ਅਤੇ ਆਪਣੇ ਦਰਬਾਰੀ ਵੱਲ ਖੁਸ਼ੀ ਦੇ ਭਾਵ ਨਾਲ ਨਜ਼ਰ ਪਾਈ। ਸਾਰੇ ਅਹਿਲਕਾਰ ਤੇ ਦਰਬਾਰੀ ਮਹਾਂ ਪੰਡਤ ਕਾਲੀ ਦਾਸ ਸਣੇ ਆਉਣ ਵਾਲੇ ਵਿਦਵਾਨ ਨੂੰ ਦੇਖਣ ਲਈ ਉਤਸਕ ਹੋ ਗਏ।

ਦਵਾਰਪਾਲ ਦੇ ਨਾਲ ਆਏ ਪੰਡਤ ਨੇ ਬੜੇ ਗੌਰਵ ਤੇ ਚੇਤਨਾ ਦੀ ਚਤਰਾਈ ਨਾਲ ਝੁਕ ਕੇ ਪ੍ਰਣਾਮ ਕੀਤੀ। ਵਡਿਆਈ ਦੀ ਖਲੋਣੀ ਖਲੋ ਗਿਆ।

ਰਾਜੇ ਭੋਜ ਨੇ ਉਸ ਨੂੰ ਸਿਰ ਤੋਂ ਪੈਰਾਂ ਤਕ ਦੇਖਿਆ। ਸਾਰੇ ਸੱਜੇ ਹੋਏ ਦਰਬਾਰ ਦੀ ਦਿਲਚਸਪੀ ਦੂਣੀ ਚੌਣੀ ਹੋ ਗਈ।

...ਤੁਸੀਂ ਕੌਣ ਹੋ ਤੇ ਕੀ ਚਾਹੁੰਦੇ ਹੋ ?...ਰਾਜੇ ਭੋਜ ਨੇ ਰਾਜ-ਹੱਠ ਦੀ ਜੁਰਅਤ ਨਾਲ ਪੁਛਿਆ।

...ਮੈਂ ਇਕ ਮਹਾਂ ਵਿਦਵਾਨ ਪੰਡਤ ਹਾਂ। ਤੁਹਾਡੀ ਸੋਭਾ ਸੁਣ ਕੇ ਦੂਰ ਦੇ ਪੈਂਡੇ ਤਹਿ ਕਰਕੇ ਪਹੁੰਚਿਆ ਹਾਂ। ਮੇਰੀ ਵਿਦਿਆ ਦੀ ਪਰਖ ਕੀਤੀ ਜਾਏ।

ਉਸਦੇ ਇਸ ਤਰ੍ਹਾਂ ਰਾਜੇ ਭੋਜ ਨੂੰ ਕਹਿਣ ਨਾਲ ਸਾਰਾ ਦਰਬਾਰ ਇਕ ਦੂਜੇ ਨਾਲ ਅੱਖੀਆਂ ਮੇਲ ਕੇ ਸਵਾਲੀਆ ਭਾਵ ਵਿਚ ਸਿੱਧਾ ਹੋ ਕੇ ਬੈਠ ਗਿਆ। ਰਾਜੇ ਭੋਜ ਨੇ ਮੁਸਕਰਾ ਕੇ ਆਖਿਆ......"ਮਹਾਂ ਪੰਡਤ ਵਿਦਵਾਨ ਦਸੇ ਕਿ ਉਹ ਆਪਣੇ ਹੁਨਰ ਦੀ ਪਰਦਰਸ਼ਨੀ ਕਿਸ ਤਰ੍ਹਾਂ ਲਾਉਣੀ ਚਾਹੁੰਦਾ ਹੈ।"...ਮੇਰੀ ਸ਼ਰਤ ਹੈ ਮਹਾਰਾਜ ?...ਵਿਦਵਾਨ ਨੇ ਸੱਜਾ ਹੱਥ ਜ਼ਰਾ ਉਚਾ ਕਰਕੇ ਆਖਿਆ।

"...ਮੰਨੀ ਜਾਏਗੀ ਚਿੰਤਾ-ਮੁਕਤ ਹੋ ਕੇ ਦਸੋ।"

"...ਮਹਾਰਾਜ।" ਮਹਾਂ ਵਿਦਵਾਨ ਪੰਡਤ ਨੇ ਕਹਿਣਾ ਆਰੰਭ ਕੀਤਾ...ਮੈਂ ਤੀਹਾਂ ਬੋਲੀਆਂ ਵਿਚ ਗੱਲਾਂ ਕਰਾਂਗਾ। ਤੁਹਾਡਾ ਕੋਈ ਵਿਦਵਾਨ, ਸਾਹਿਤਕਾਰ ਇਤਿਹਾਸਕਾਰ ਭਾਸ਼ਾ ਦਾ ਅਚਾਰੀਆ ਜੇਕਰ ਇਹ ਦਸ ਦੇਵੇ ਕਿ ਮੇਰੀ ਜ਼ਬਾਨ ਦੀ ਬੋਲੀ ਕਿਹੜੀ ਹੈ ਤਾਂ ਮਹਾਰਾਜ ਮੈਂ ਉਸਨੂੰ ਇਕ ਸੋ ਮੋਹਰ ਦਿਆਂਗਾ। ਜੇ ਉਹ ਨਾ ਦੱਸ ਸਕੇ ਤਾਂ ਉਸ ਤੋਂ ਸੌ ਮੋਹਰ ਲ ਲਾਂਗਾ।

ਸਾਰੇ ਦਰਬਾਰ ਵਿਚ ਹੈਰਾਨੀ ਭਰੀ ਖੁਸ਼ੀ ਖਿਲਰ ਗਈ। ਇਹੋ ਜਿਹਾ ਅਨੋਖਾ ਤੇ ਦਿਲਚਸਪ ਆਦਮੀ ਬੜੇ ਚਿਰ ਬਾਦ ਰਾਜੇ ਭੋਜ ਦੇ ਦਰਬਾਰ ਵਿਚ ਆਇਆ ਸੀ। ਆਪੋ ਵਿਚ ਇਕ ਦੂਜੇ ਦੇ ਹੋਲੀ ਹੋਲੀ ਭੇਤ-ਭਰੇ ਬੁਲ੍ਹ ਹਿਲਣ ਲਗੇ। ਸਿਰਾਂ ਦੇ ਇਸ਼ਾਰੇ ਹੋਣ ਲੱਗੇ।

ਰਾਜਾ ਭੋਜ ਨੇ ਦਰਬਾਰ ਵਿਚ ਸਾਰਿਆਂ ਵੱਲ ਦੇਖਿਆ ਅਤੇ ਸੱਜੀ ਬਾਂਹ ਚੁਕ ਕੇ ਬੋਲੇ—ਵਿਦਵਾਨ ਸਾਨੂੰ ਤੇਰੀ ਸ਼ਰਤ ਮਨਜ਼ੂਰ ਹੈ।—ਫਿਰ ਵੱਡੇ ਵਜ਼ੀਰ ਨੂੰ ਹੁਕਮ ਕੀਤਾ—ਮਹਾਂ ਮੰਤਰੀ ਕਲ ਪਿਛਲੇ ਪਹਿਰ ਵਿਦਵਾਨ-ਹਾਲ ਵਿਚ ਇਸ ਵਿਦਵਾਨ ਦੀ ਸ਼ਰਤ ਦਾ ਸਾਹਮਣਾ ਕੀਤਾ ਜਾਏਗਾ। ਆਪਣੇ ਅਚਾਰੀਆ ਵਿਦਵਾਨ ਕਲਾਕਾਰ ਸਾਹਿਤਕਾਰ ਭਾਸ਼ਾ ਵਿਗਿਆਨੀ ਸੱਦ ਲਏ ਜਾਣ।......ਜ਼ਰਾ ਠਹਿਰ ਕੇ ਫਿਰ ਬੜੇ ਤਹੱਮਲ ਅਤੇ ਆਦਰ ਮਾਨ ਨਾਲ ਆਖਿਆ—ਮਹਾਂਕਵੀ ਪੰਡਤ ਕਾਲੀ ਦਾਸ ਜੀ ਤੁਸੀਂ ਸਾਰੀਆਂ ਲਿਖਣ ਕਲਾਂ ਵਿਚ ਸੰਪੂਰਣ ਹੋ। ਤੁਸਾਂ ਇਸ ਸਾਰੇ ਇੰਤਜ਼ਾਮ ਨੂੰ ਵੇਖਣਾ ਹੈ ਤਸੱਲੀ ਕਰਨੀ ਹੈ। ਕੋਈ ਕਿਸੇ ਤਰਫੋਂ ਥੋੜ ਨਾ ਰਹਿ ਜਾਏ।

ਮਹਾਂ ਮੰਤਰੀ ਅਤੇ ਮਹਾਂ ਕਵੀ ਪੰਡਤ ਕਾਲੀ ਦਾਸ ਨੇ ਸਿਰ ਨਿਵਾ ਕੇ ਹੁੰਗਾਰਾ ਭਰਿਆ ਰਾਜੇ ਭੋਜ ਨੇ ਸੰਘਾਸਣ ਤੋਂ ਉਠਣ ਲਗਿਆਂ ਇਕ ਹੋਰ ਸਾਹਿਜ ਭਾ ਨਾਲ ਹੁਕਮ ਕੀਤਾ...ਇਸ ਵਿਦਵਾਨ ਪੰਡਤ ਨੂੰ ਵਿਸਰਾਮ ਘਰ ਵਿਚ ਸ਼ਾਹੀ ਪਰਾਹੁਣਿਆਂ ਵਾਂਗ ਰਖਿਆ ਜਾਏ। ਇਹਨਾਂ ਨੂੰ ਹਰ ਕਿਸਮ ਦਾ ਆਰਾਮ ਪ੍ਰਾਪਤ ਹੋਵੇ।

ਦਰਬਾਰ ਉਠ ਗਿਆ। ਹਰ ਇਕ ਵਿਅਕਤੀ ਭਲਕ ਦੀ ਤਾਂਘ ਅੱਖੀਆਂ ਵਿਚ ਲੈ ਕੇ ਆਪੋ ਆਪਣੇ ਗਰਿਹ ਨੂੰ ਤੁਰ ਪਿਆ। ਰਾਜਾ ਭੋਜ ਆਪਣੇ ਰਾਜ ਮਹੱਲ ਵਿਚ ਪਟ-ਰਾਣੀ ਦੀ ਸੋਲਾਂ ਸ਼ਿੰਗਾਰੀ ਕਮਰੇ ਵਿਚ ਜਾ ਬਰਾਜਿਆ।

ਦੂਸਰੇ ਦਿਨ ਲੌਢੇ ਵੇਲੇ ਵਿਦਵਾਨ-ਹਾਲ ਸੂਰਜ ਚੰਨ ਤਾਰਿਆਂ ਦੀ ਸਾਂਝੀ ਲਿਸ਼ਕ ਦੀ ਤਰ੍ਹਾਂ ਸ਼ਿੰਗਾਰਿਆ ਗਿਆ ਸੀ। ਦਿਵਾਨ ਹਾਲ ਦਾ ਸੰਗਮਰਮਰ ਮੱਖਣ ਵਿਚ ਮਖਮਲ ਧੋ ਕੇ ਸਾਫ ਕੀਤਾ ਗਿਆ ਸੀ। ਆਪਣੀ ਆਪਣੀ ਜਗਾਹ ਉਤੇ ਥਾਂ ਪਰ ਥਾਂ ਸਾਰੇ ਬੈਠ ਗਏ। ਚਨਣ ਨਾਲ ਬਣੇ ਇਕ ਲੰਮੇ ਤਖਤ ਪੋਸ਼ ਉਤੇ ਪੱਟ ਦੇ ਸਰਾਹਣਿਆਂ ਦੀ ਢੋ ਲਾ ਕੇ ਅਚਾਰੀਆ ਭਾਸ਼ਾ ਵਿਗਿਆਨੀ ਕਵੀ ਸਾਹਿਤਕਾਰ ਕਲਾਕਾਰ ਆਪਣੀ ਆਪਣੀ ਅਦਾ ਨਾਲ ਬੈਠ ਗਏ।

ਬਾਹਰੋਂ ਆਇਆ ਵਿਦਵਾਨ ਪੰਡਤ, ਰਾਜੇ ਭੋਜ ਦੇ ਸੱਜੇ ਹੱਥ ਵੱਲ ਇਕ ਨਿੱਕੇ ਜਿਹੇ ਲਾਲ ਲਿਸ਼ਕਦੇ ਪੱਥਰ ਤੇ ਬੜੇ ਉਤੇ ਖਲੋ ਗਿਆ।

ਰਾਜੇ ਭੋਜ ਨੇ ਸਾਰੇ ਵਿਦਵਾਨ-ਹਾਲ ਦਾ ਜਾਇਜ਼ਾ ਲਿਆ। ਤਖ਼ਤ ਪੋਸ਼ ਦੇ ਵਿਚਕਾਰ ਮਹਾਂਕਵੀ ਪੰਡਤ ਕਾਲੀ



Sri Satguru Jagjit Singh Ji eLibrary NamdhariElibrary@gmail.com

ਦਾਸ ਵੱਲ ਵੇਖਿਆ ਅਤੇ ਆਗਿਆ ਦਿੱਤੀ......ਆਦਰਯੋਗ ਵਿਦਵਾਨ ਪੰਡਤ ਜੀ ਆਪਣੀਆਂ ਤੀਹਾਂ ਬੋਲੀਆਂ ਦੀ ਆਵਾਜ਼ ਸੁਣਾਓ। ਦਰਬਾਰੀ ਵਿਦਵਾਨ ਤੁਹਾਡੀ ਸ਼ਰਤ ਦੀ ਬੁਝਾਰਤ ਦੱਸੇਗਾ।

ਦੂਜੇ ਰਾਜ ਵਿਚੋਂ ਆਏ ਪੰਡਤ ਨੇ ਲਾਲ ਥੜੇ ਤੋਂ ਤੀਹਾਂ ਬੋਲੀਆਂ ਵਿਚ ਥੋੜੀ ਥੋੜੀ ਤਕਰੀਰ ਕਰਕੇ ਦੱਸੀ। ਉਸ ਨੂੰ ਤੀਹਾਂ ਬੋਲੀਆਂ ਬੋਲਣ ਵਿਚ ਕਮਾਲ ਹਾਸਲ ਸੀ। ਸਾਰੇ ਦਰਬਾਰ ਵਿਚ ਸਨਾਟਾ ਛਾ ਗਿਆ।

ਵਿਦਵਾਨ ਨੇ ਬੋਲੀਆਂ ਬੋਲ ਕੇ ਮੁਕਾਈਆਂ ਤੇ ਅਰਜ਼ ਕੀਤੀ......ਮਹਾਰਾਜ ਹੁਣ ਤੁਹਾਡਾ ਵਿਦਵਾਨ ਇਹ ਦੱਸੇ ਕਿ ਇਹਨਾਂ ਤੀਹਾਂ ਬੋਲੀਆਂ ਵਿਚ ਮੇਰੀ ਮਾਂ ਬੋਲੀ ਕਿਹੜੀ ਹੈ ? ਤਥਾ ਮੇਰੀ ਜ਼ਬਾਨ ਦੀ ਬੋਲੀ ਕਿਹੜੀ ਹੈ ?

ਸੱਜ-ਧੱਜ ਵਾਲੇ ਤਖਤ ਪੋਸ਼ ਤੋਂ ਇਕ ਵਿਦਵਾਨ ਉਠਿਆ। ਰਾਜੇ ਭੋਜ ਨੂੰ ਨਿਮਸ਼ਕਾਰ ਕੀਤੀ ਅਤੇ ਤੀਹਾਂ ਬੋਲੀਆਂ ਵਿਚੋਂ ਆਪਣੀ ਸੂਝ ਅਨੁਸਾਰ ਇਕ ਬੋਲੀ ਦਾ ਨਾਂ ਲਿਆ। ਤੀਹ ਬੋਲੀਆਂ ਬੋਲਣ ਵਾਲੇ ਵਿਦਵਾਨ ਨੇ ਨਹੀਂ ਵਿਚ ਸਿਰ ਹਲਾ ਕਿ ਆਖਿਆ ਗਲਤ ਹੈ ਮੇਰੀ ਇਸ ਦੀ ਦੱਸੀ ਮਾਂ-ਬੋਲੀ ਨਹੀਂ ਹੈ।

ਰਾਜੇ ਭੋਜ ਦਾ ਦਰਬਾਰੀ ਵਿਦਵਾਨ ਸੌ ਮੋਹਰਾਂ ਹਾਰ ਕੇ ਆਪਣੇ ਅਸਥਾਨ ਉਤੇ ਜਾ ਬੈਠਾ। ਦਰਬਾਰ ਵਿਚ ਖੁਸਰ-ਮੁਸਰ ਹੋਈ ਅਤੇ ਸਾਰਾ ਦਰਬਾਰ ਕਲ ਲਈ ਉੱਠ ਗਿਆ।

ਦੂਜੇ ਦਿਨ ਵੀ ਰਾਜੇ ਭੋਜ ਦਾ ਦੂਜਾ ਵਿਦਵਾਨ ਹਾਰ ਗਿਆ। ਇਸ ਤਰ੍ਹਾਂ ਹੀ ਬਾਰਾਂ ਦਿਨ ਗੁਜ਼ਰ ਗਏ। ਰਾਜੇ ਭੋਜ ਦੇ ਅੱਗੜ ਪਿੱਛੜ ਵਿਦਵਾਨ ਹਾਰਦੇ ਚਲੇ ਗਏ। ਸਾਰੇ ਰਾਜ ਦੇ ਵਿਦਵਾਨਾਂ ਵਿਚ ਹਲਚਲ ਮੱਚੀ। ਆਪਣੀ ਆਪਣੀ ਅਕਲ ਅਤੇ ਸੂਝ ਸੂਝਾ ਦੀਆਂ ਗੱਲਾਂ ਹੋਣ ਲੱਗ ਪਈਆਂ। ਜਦ ਦਰਬਾਰ ਦੂਜੇ ਦਿਨ ਲਈ ਉਠਦਾ ਤਾਂ ਸਾਰੇ ਦਰਬਾਰੀ ਚੁੱਪ ਚੁੱਪ ਆਪਣੇ ਆਪਣੇ ਗਰਿਹਾਂ ਵੱਲ ਚਲੇ ਜਾਂਦੇ। ਕੋਈ ਰਾਜਸੀ ਜੰਗ ਤੇ ਹੈ ਨਹੀਂ ਸੀ ਕਿ ਫੌਜਾਂ ਤੇ ਨਵੇਂ ਤੋਂ ਨਵੇਂ ਜੰਗੀ ਹਥਿਆਰ ਤਿਆਰ ਕਰ ਲਏ ਜਾਂਦੇ। ਹੱਲੇ ਮਾਰਨ ਅਤੇ ਹਮਲੇ ਦੀਆਂ ਸਕੀਮਾਂ ਬਣਾਈਆਂ ਜਾਂਦੀਆਂ ਇਹ ਤਾਂ ਸਾਰੇ ਕਰਤਵ ਕੁਦਰਤ ਨਾਲ ਅਤੇ ਉਜਾਗਰ ਸੋਚ ਨਾਲ ਵਾਸਤਾ ਰਖਦੇ ਸਨ। ਡੂੰਘੀ ਸੋਚ ਅਤੇ ਸ਼ਾਂਤ ਮੁਤਾਲਿਆ ਮੰਗਦੇ ਸਨ। ਇਹ ਤਾਂ ਸ਼ਾਂਤ ਵਾਤਾਵਰਨ ਵਿਚ ਜ਼ਿੰਦਗੀ ਦਾ ਕਾਇਨਾਤ ਦਾ ਅਮਨ ਸਕੂਨ ਦਾ ਅਦਾਰਾ ਸੀ। ਏਥੇ ਤਾਂ ਮੋਹ ਦੀਆਂ ਸ਼ਰਤਾਂ ਸਨ ਸਾਂਝ ਦੀਆਂ ਖੇਡਾਂ ਸਨ। ਉੱਚੀ ਪ੍ਰਵਾਜ਼ ਦਾ ਮੁਕਾਬਲਾ ਸੀ। ਖੂਬਸੂਰਤ ਧਰਤੀ ਦੇ ਖੇੜੇ ਦੀਆਂ ਮਹਿਕਾਂ ਦੀ ਖੂਬੀ ਦੀਆਂ ਦੌੜਾਂ ਸਨ। ਹਰ ਕੋਈ ਹਿਰਦੇ ਦੀ ਸੰਪੂਰਨ ਸ਼ਾਂਤੀ ਨਾਲ ਚਰਚਾ ਦਾ ਰੰਗ ਮਾਣ ਰਿਹਾ ਸੀ।

ਇਸ ਤਰ੍ਹਾਂ ਜਦ ਰਾਜੇ ਭੋਜ ਦੇ ਵਿਦਵਾਨ ਬਾਰਵੀਂ ਵਾਰ ਹਾਰ ਗਏ ਅਤੇ ਬਾਰਾਂ ਸੌ ਮੋਹਰਾਂ ਦੇ ਚੁਕੇ ਤਾਂ ਰਾਜੇ ਭੋਜ ਨੇ ਮਹਾਂ ਕਵੀ ਪੰਡਤ ਕਾਲੀ ਦਾਸ ਨੂੰ ਆਪਣੇ ਮਹੱਲ ਵਿਚ ਸੱਦਿਆ। ਮਹਾਂਕਵੀ ਮਹੱਲ ਵਿਚ ਪਹੁੰਚਿਆ ਅਤੇ ਪ੍ਰਨਾਮ ਕਰਕੇ ਰਾਜੇ ਦੇ ਇਸ਼ਾਰੇ ਉਤੇ ਉਸ ਦੇ ਲਾਗੇ ਬਹਿ ਗਿਆ।

ਰਾਜੇ ਭੋਜ ਨੇ ਕੁਸ਼ਲਤਾ ਪੁੱਛਣ ਤੋਂ ਬਾਦ ਫਿਕਰਾਂ ਭਰੇ ਲਹਿਜੇ ਨਾਲ ਆਖਿਆ—ਮੇਰੇ ਰਾਜ ਦੇ ਮਹਾਂ ਕਵੀ ਸੂਰਜ ਵੱਤ ਚਾਨਣ ਦੇਣ ਵਾਲੇ ਵਿਦਵਾਨ ਹੁਣ ਅਸੀਂ ਕੀ ਚਾਰਾ ਕਰੀਏ ? ਸਾਡਾ ਪਾਸਾ ਸ਼ਰਤਾਂ ਹਾਰਦਾ ਜਾ ਰਿਹਾ ਹੈ।

ਮਹਾਂ ਕਵੀ ਪੰਡਤ ਕਾਲੀ ਦਾਸ ਨੇ ਬੜੇ ਠਰੰਮੇ ਨਾਲ ਉਤਰ ਦਿਤਾ...ਮਹਾਰਾਜ ਮੈਂ ਬੋਲੀ ਅਤੇ ਜ਼ਬਾਨ ਦੀਆਂ ਜੜ੍ਹਾਂ ਤਕ ਪਹੁੰਚ ਕੇ ਇਕ ਜਵਾਂਬ ਲੱਭਾ ਹੈ। ਮੇਰਾ ਅੰਬਰ ਜੇਡਾ ਵਿਸ਼ਵਾਸ ਹੈ ਤੁਹਾਡੀ ਜਿੱਤ ਹੋਵੇਗੀ। ਰਾਜੇ ਭੋਜ ਦਾ ਰਾਜ ਸ਼ਰਤ ਜਿੱਤੇਗਾ।

ਰਾਜੇ ਭੋਜ ਨੇ ਬੜੀ ਕਾਹਲੀ ਨਾਲ ਪੁਛਿਆ...ਦਸੋ ! ਦਸੋ ! ਮਹਾਂ ਕਵੀ ਸ਼ੀਘਰ ਦਸੋ ਮੈਨੂੰ ਬੇਚੈਨੀ ਨੇ ਘੇਰਿਆ ਹੋਇਆ ਹੈ।

...ਮੇਰੀ ਇਕ ਤੁਹਾਡੇ ਅਗੇ ਅਰਜ਼ ਹੈ।

...ਹਰ ਹਾਲਤ ਵਿਚ ਮਨਜ਼ੂਰ ਹੋਏਗੀ।

...ਕਲ੍ਹ ਦੇ ਦਰਬਾਰ ਵਿਚ ਮੈਂ ਉਸ ਸ਼ਰਤ ਨੂੰ ਤੁਹਾਡੇ ਲਈ ਜਿਤਾਂਗਾ।

...ਤੁਸੀਂ ਜਿਤੋਗੇ ! ਤੁਹਾਡੀ ਕਿਰਤ ਦੇ ਚੰਦਰਮਾਂ ਦਾ ਕੋਈ ਕਿੰਗਰਾਂ ਨਾ ਭੁਰ ਜਾਏ ? ਰਾਜੇ ਭੋਜ ਨੇ ਭੁਚੱਤਰੀ ਵਿਚ ਆਖਿਆ।

...ਮਹਾਰਾਜ ਕਲ੍ਹ ਤੇਰਵਾਂ ਵਿਦਵਾਨ ਸਾਡੇ ਦਰਬਾਰ ਦਾ ਵੀ ਹਾਰੇਗਾ। ਦਰਬਾਰ ਉਠਣ ਲਗੇ...! ਮਹਾਂ ਕਵੀ ਖਲੋ ਗਿਆ।

...ਅਗੇ ਦਸੋ ! ਰਾਜੇ ਭੋਜ ਦੀਆਂ ਅੱਖਾਂ ਦੀ ਜੋਤ ਹੋਰ ਚਮਕ ਪਈ ਸੀ।

...ਉਸ ਨੂੰ ਜਾਂ ਕਿਸੇ ਦਰਬਾਰੀ ਨੂੰ ਇਹ ਨਾ ਦਸਿਆ ਜਾਏ ਕਿ ਕਾਲੀ ਦਾਸ ਉਸ ਵਿਦਵਾਨ ਦੀ ਮਾਂ-ਬੋਲੀ ਬਾਰੇ ਦਸੇਗਾ।

ਰਾਜਾ ਭੋਜ ਕੁਝ ਹੋਰ ਗੱਲਾਂ ਕਾਲੀ ਦਾਸ ਨਾਲ ਕਰਕੇ ਕਲ ਦੇ ਕਾਰੀਆ ਕਰਮ ਦੀ ਤਿਆਰੀ ਦੀ ਤਾਂਘ ਵਿਚ ਬਿਸਰਾਮ ਕਰਨ ਲਗ ਪਏ। ਮਹਾਂ ਕਵੀ ਆਪਣੇ ਗ੍ਰਹਿ ਨੂੰ ਪਸਾਰ ਗਏ।

ਅਗਲੇਰੇ ਦਿਨ ਵੀ ਰਾਜੇ ਭੋਜ ਦਾ ਵਿਦਵਾਨ ਬੀਤੇ



Sri Satguru Jagjit Singh Ji eLibrary NamdhariElibrary@gmail.com

ਦਿਨਾਂ ਦੇ ਵਿਦਵਾਨਾਂ ਵਾਂਗ ਹਾਰ ਗਿਆ। ਸੋ ਮੋਹਰ ਹਾਰੀ ਸ਼ਰਤ ਵੀ ਭਰ ਦਿਤੀ।

ਸਾਰੇ ਦਰਬਾਰੀ ਵਿਦਵਾਨ ਸਾਹਿਤਕਾਰ ਕਵੀ ਉਦਾਸ ਉਦਾਸ ਉਠ ਕੇ ਤੁਰ ਪਏ ਜਦ ਸ਼ਰਤ ਜਿੱਤਣ ਵਾਲਾ ਵਿਦਵਾਨ ਪੰਡਤ ਉਠ ਕੇ ਤੁਰਿਆ ਤਾਂ ਚੁਪ ਕੀਤਾ ਮਹਾਂ ਕਵੀ ਕਾਲੀ ਦਾਸ ਵੀ ਉਸ ਦੇ ਪਿਛੇ ਪਿਛੇ ਸਹਿਜ ਸਹਿਜ ਕਦਮ ਚੁਕਦਾ ਤੁਰ ਪਿਆ।

ਵਿਦਵਾਨ-ਹਾਲ ਦੀਆਂ ਸੰਗਮਰਮਰੀ ਪੌੜੀਆਂ ਜਦ ਤੀਹ ਬੋਲੀਆਂ ਬੋਲਣ ਵਾਲਾ ਪੰਡਤ ਉਤਰਨ ਲੱਗਾ ਤਾਂ ਮਹਾਂ ਕਵੀ ਕਾਲੀ ਦਾਸ ਨੇ ਪਿਛੋਂ ਉਸ ਨੂੰ ਧੱਕਾ ਦੇ ਦਿਤਾ। ਉਹ ਤਿੰਨ ਚਾਰ ਪੌੜੀਆਂ ਉਲਟ ਬਾਜ਼ੀ ਖਾ ਕੇ ਡਿੱਗ ਪਿਆ। ਗੁਸੇ ਨਾਲ ਉਠਿਆ ਅਤੇ ਬੇਤਹਾਸ਼ਾ ਡੇਗਣ ਵਾਲੇ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

ਮਹਾਂ ਕਵੀ ਕਾਲੀ ਦਾਸ ਨੇ ਝਟਪਟ ਉਸ ਨੂੰ ਜੱਫੀ ਪਾ ਲਈ ਤੇ ਨਿਮਰਤਾ ਨਾਲ ਆਖਿਆ...ਮੈਥੋਂ ਸੁਭਾਵਕ ਧੱਕਾ ਦਿਤਾ ਗਿਆ ਮੈਨੂੰ ਖਿਮਾ ਕਰ ਦਿਉ।

ਬੋਲੀਆਂ ਵਾਲੇ ਪੰਡਤ ਨੂੰ ਸ਼ਰਮ ਆਈ ਉਸ ਨੇ ਮਹਾਂ ਕਵੀ ਨੂੰ ਘੁਟ ਕੇ ਜੱਫੀ ਪਾ ਲਈ। ਆਪਣੇ ਪੂਰੇ ਦਿਲ ਅਤੇ ਅੰਦਰ ਦੀ ਆਵਾਜ਼ ਨਾਲ ਖਿਮਾ ਯਾਚਨਾ ਕਰਨ ਲੱਗ ਗਿਆ। ਮਹਾਂ ਕਵੀ ਵਲ ਆਪਣਾ ਪੂਰਾ ਹਿਰਦਾ ਤੇ ਆਤਮਾ ਡੋਲ੍ਹ ਦਿਤੀ।

ਕਾਲੀ ਦਾਸ ਨੇ ਉਸ ਨੂੰ ਮੁੜ ਕੇ ਖਿਲਰ ਰਹੇ ਦਰਬਾਰ ਵਿਚ ਗੱਲਵਕੜੀ ਪਾ ਕੇ ਲੈ ਆਂਦਾ। ਆਪ ਹੀ ਉਚੇ ਥੜ੍ਹੇ ਉਤੇ ਖਲੋਕੇ ਉਚੀ ਅਵਾਜ਼ ਵਿਚ ਆਖਿਆ...ਸਾਰਾ ਦਰਬਾਰ ਕੁਝ ਸਮੇਂ ਲਈ ਹੁਣੇ ਫਿਰ ਜੁੜੇਗਾ। ਰਾਜਾ ਭੋਜ ਅਜੇ ਸੰਘਾਸਨ ਤੋਂ ਉਠਣ ਦੀ ਤਿਆਰੀ ਕਰ ਰਿਹਾ ਸੀ। ਮਹਾਂ ਕਵੀ ਦੀ ਅਵਾਜ਼ ਸੁਣ ਕੇ ਮੁੜ ਕੇ ਨਿੱਠ ਕੇ ਬੈਠ ਗਿਆ।

ਅਲੌਕਿਕ ਜਹੀ ਇਸ ਰਸਮ ਵਿਚ ਖਿਚੇ ਹੋਏ ਸਾਰੇ ਦਰਬਾਰੀ ਝਟਪਟ ਆ ਕੇ ਆਪਣੇ ਆਪਣੇ ਅਸਥਾਨਾ ਉਤੇ ਬੈਠ ਗਏ।

ਜਦ ਦਰਬਾਰ ਆਪਣੀ ਪੂਰੀ ਸੱਜ ਧੱਜ ਨਾਲ ਭਰ ਗਿਆ ਤਾਂ ਮਹਾਂ ਕਵੀ ਕਾਲੀ ਦਾਸ ਨੇ ਮੁਸਕਰਾਉਂਦੀ ਆਵਾਜ਼ ਵਿਚ ਉਚਾਰਿਆ...ਤੀਹ ਬੋਲੀਆਂ ਬੋਲਣ ਵਾਲੇ ਦੂਸਰੇ ਰਾਜ ਦੇ ਵਿਦਵਾਨ ਪੰਡਤ ਦੀ ਆਪਣੀ ਜਬਾਨ ਦੀ ਬੋਲੀ ਜਿਸ ਨੂੰ ਅਸੀਂ ਮਾਂ-ਬੋਲੀ ਕਹਿੰਦੇ ਹਾਂ ਉਹ ਹੈ ਜਿਸ ਵਿਚ ਇਸ ਨੇ ਗੁਸੇ ਵਿਚ ਗਾਲਾਂ ਕਢੀਆਂ ਅਤੇ ਹਿਰਦਿਉਂ ਪਿਆਰ ਨਾਲ ਮੈਥੋਂ ਖਿਮਾ ਮੰਗੀ। ×


REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER

Phone : 3803

MODERN GUN WORKS

Opp. Industrial Estate,

JAMMU CANTT.





Sri Satguru Jagjit Singh Ji eLibrary NamdhariElibrary@gmail.com

# ਪੰਚਮ ਪਾਤਸ਼ਾਹ ਦੀ ਸ਼ਹਾਦਤ ਅਤੇ ਬਾਦਸ਼ਾਹ ਜਹਾਂਗੀਰ

—ਅਜੀਤ ਸਿੰਘ ਚੀਮਾ (ਨੈਸ਼ਨਲ ਅਵਾਰਡੀ)—

ਮ: ਦੇਵਿੰਦਰ ਗਿੱਲ ਦਾ ਉਪਰੋਕਤ ਸਿਰਲੇਖ ਹੇਠ ਲਿਖਿਆ ਲੇਖ ਵਰਿਆਮ ਜੂਨ ੮੯ ਅੰਕ ਵਿਚ ਗਹੁ ਨਾਲ ਪੜ੍ਹਿਆ। ਲੇਖਕ ਨੇ ਬੜੀ ਮਿਹਨਤ ਨਾਲ ਲੇਖ ਲਿਖਿਆ ਹੈ। ਖੋਜ ਦੀ ਦਾਦ ਦੇਂਦਾ ਹਾਂ। ਪਰ ਲੇਖਕ ਦੇ ਲੇਖ ਵਿਚ ਕੁਝ ਐਸੀਆਂ ਗੱਲਾਂ ਹਨ ਜਿਸ ਨਾਲ ਮੇਰੀ ਅਸਹਿਮਤੀ ਹੈ। ਇਹ ਨੁਕਤੇ ਹੇਠ ਲਿਖੇ ਹਨ :

(੧) ਬਾਦਸ਼ਾਹ ਜਾਂਹਗੀਰ ਨੇ ਆਪਣੀ ਸ੍ਵੈਜੀਵਨੀ ਤੁਜ਼ਕਿ ਜਹਾਂਗੀਰੀ ਵਿਚ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਬਤ ਲਿਖਤ ਹੈ। ਇਹ ਸ਼ਹਾਦਤ ਤੋਂ ਕਾਫੀ ਸਮਾਂ ਪਿਛੋਂ ਲਿਖੀ ਗਈ ਹੈ। ਜੇਕਰ ਉਹ ਉਸ ਸਮੇਂ ਹੀ ਇਹ ਨੋਟ ਤਿਆਰ ਕੀਤਾ ਹੁੰਦਾ ਤਾਂ ਉਹ ਇਸ ਨੂੰ ਵਰਤਮਾਨ ਕਾਲ ਵਿਚ 'ਹੈ' ਸ਼ਬਦ ਵਰਤ ਕੇ ਤਿਆਰ ਕਰਦਾ।

(੨) (ੳ) ਖੁਸਰੋ ਨੇ ਆਪਣੇ ਪਿਤਾ ਦੇ ਖਿਲਾਫ ਬਗਾਵਤ ਕਰ ਦਿਤੀ—ਸ਼ਾਹਜ਼ਾਦਾ ਖੁਸਰੋ ਦਰਿਆ ਪਾਰ ਕਰਨ ਸਮੇਂ ਸ਼ਾਇਦ ਗੁਰੂ ਜੀ ਕੋਲ ਆਇਆ ਹੋਵੇ ਪਰ ਉਸ ਸਮੇਂ ਤੱਕ ਕਿਸੇ ਨੇ ਵੀ ਗੁਰੂ ਜੀ ਬਾਰੇ ਚੁਗਲੀ ਨਾ ਕੀਤੀ।

(ਅ) ਉਸ ਸਮੇਂ ਕਿਸੇ ਵੀ ਗੁਰੂ ਜੀ ਵੱਲ ਉਂਗਲ ਨਾ ਉਠਾਈ।

(੩) ਗੁਰੂ ਜੀ ਨੇ ਖੁਸਰੋ ਦੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ ਪਰ ਇਹ ਇਤਹਾਸਕ ਪੱਖ ਤੋਂ ਦਰੁਸਤ ਨਹੀਂ। ਕੇਸਰ ਦਾ ਤਿਲਕ ਲਾਉਣਾ ਸਿਰਫ ਹਿੰਦੂਆਂ ਵਿਚ ਹੀ ਪ੍ਰਚਲਤ ਹੈ ਸਿੱਖਾਂ ਵਿਚ ਨਹੀਂ।

(੪) ਕੁਝ ਸਮਾਂ ਪਹਿਲਾਂ ਦੀਵਾਨ ਚੰਦੂ ਨੂੰ ਗੁਰੂ ਜੀ ਦੀ ਸ਼ਹਾਦਤਤ ਲਈ ਜੁਮੇਵਾਰ ਗਿਣਿਆ ਜਾਂਦਾ ਰਿਹਾ ਹੈ ਪਰ ਹੁਣ ਇਹ ਖਿਆਲ ਰੱਦ ਹੋ ਚੁੱਕਾ ਹੈ। (ਕਿਉਂਕਿ ਤੁਜ਼ਕਿ ਜਹਾਂਗੀਰ ਵਿਚ ਚੰਦੂ ਦਾ ਨਾਮ ਬਿਲਕੁਲ ਨਹੀਂ ਆਇਆ)

ਮੇਰਾ ਵਿਚਾਰ ਲੇਖਕ ਤੇ ਟੀਕਾ ਟਿੱਪਣੀ ਦਾ ਨਹੀਂ ਕੇਵਲ ਕੁਝ ਇਹਨਾਂ ਨੁਕਤਿਆਂ ਤੇ ਵਿਚਾਰ ਕਰਨ ਦਾ ਹੈ। ਜੋ ਹੇਠ ਲਿਖੇ ਅਨੁਸਾਰ ਹੈ :

(੧) ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਨੋਟ ਜਹਾਂਗੀਰ ਨੇ ਤੁਜ਼ਕਿ ਜਹਾਂਗੀਰੀ ਵਿਚ ਕਾਫੀ ਸਮਾਂ ਬਾਦ ਨਹੀਂ ਲਿਖਿਆ ਸਗੋਂ ਇਹ ਨੋਟ ੧੯ ਜੂਨ ੧੬੦੬ ਈਸਵੀ ਨੂੰ ਲਿਖਿਆ ਜਦ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ੩੦ ਮਈ ੧੬੦੬ ਈਸਵੀ ਨੂੰ ਹੋਈ। ਜਹਾਂਗੀਰ ਲਹੌਰ ੭ ਮਈ ੧੬੦੬ ਤੋਂ ੨੬ ਮਾਰਚ ੧੬੦੭ ਈ: ਤੀਕ ਰਿਹਾ। (ਵੇਖੋ ਲਿਖਤ ਸੰਖੇਪ ਇਤਹਾਸ ਪਿਆਰਾ ਸਿੰਘ ਪਦਮ ਸਫਾ ੪੨)

ਜੋ ਆਪ ਨੇ ਦਲੀਲ ਦਿੱਤੀ ਹੈ ਕਿ ਇਹ ਘਟਨਾ ਵਰਤਮਾਨ ਕਾਲ ਯਾਨੀ, 'ਹੈ' ਵਿਚ ਲਿਖਣੀ ਚਾਹੀਦੀ ਸੀ ਭੂਤ ਕਾਲ ਵਿਚ ਕਿਉਂ ਲਿਖੀ ਗਈ। ਸ੍ਰੀਮਾਨ ਜੀ, ਅੱਜ ਦੀ ਗੱਲ ਕਲ੍ਹ ਨੂੰ ਭੂਤਕਾਲ ਵਿਚ ਚਲੀ ਜਾਂਦੀ ਹੈ। ਕੋਈ ਇਤਹਾਸਕ ਘਟਨਾ ਓਸੇ ਵੇਲੇ ਨਹੀਂ ਲਿਖੀ ਜਾਂਦੀ। ਇਸ ਸ਼ਹਾਦਤ ਤੇ ਲਿਖਤ ਦਾ ਫਰਕ ਕੇਵਲ ਵੀਹ ਦਿਨ ਦਾ ਹੈ। ਜਹਾਂਗੀਰ ਨੇ ਇਹ ਸੁਣੀ ਸੁਣਾਈ ਕਿਵੇਂ ਲੇਖਣੀ ਲਿਖ ਦਿਤੀ।

(੨) ਆਪ ਨੇ ਲਿਖਿਆ ਹੈ ਕਿ ਸ਼ਾਇਦ ਖੁਸਰੋ ਗੁਰੂ ਜੀ ਕੋਲ ਆਇਆ ਹੋਵੇ, ਪਰ ਛੇਤੀ ਅਗੇ ਨਿਕਲ ਗਿਆ।

ਇਸ ਵਿਚ ਸ਼ਾਇਦ ਵਾਲੀ ਕੋਈ ਗੁੰਜਾਇਸ਼ ਨਹੀਂ। ਖੁਸਰੋ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਲੰਗਰ ਛਕਿਆ। ਗੁਰੂ ਦਰ ਤੇ ਕੋਈ ਆਵੇ ਉਸ ਦਾ ਸਤਿਕਾਰ ਹੁੰਦਾ ਰਿਹਾ ਹੈ। ਇਸ ਦਾ ਇਹ ਵੀ ਮਤਲਬ ਨਹੀਂ ਕਿ ਗੁਰੂ ਜੀ ਨੇ ਖੁਸਰੋ ਨੂੰ ਰਾਜ ਵਿਰੁਧ ਬਗਾਵਤ ਲਈ ਪ੍ਰੇਰਿਆ ਹੋਵੇ।

ਉਸ ਸਮੇਂ ਦੇ ਪ੍ਰਸਿੱਧ ਲਿਖਾਰੀ ਮੋਹਸਨ ਫਾਨੀ ਕਰਤਾ ਦਬਿਸਤਾਨੇ ਮਜ਼ਹਬ ਲਿਖਦਾ ਹੈ ਗੁਰੂ ਜੀ ਨੇ ਖੁਸਰੋ ਲਈ ਅਰਦਾਸ ਕੀਤੀ ਹੈ, ਪ੍ਰੰਤੂ ਅਰਦਾਸ ਦਾ ਸ਼ਬਦ ਇਹ ਠੀਕ ਪ੍ਰਗਟ ਨਹੀਂ ਕਰਦਾ ਕਿ ਗੁਰੂ ਨੇ ਕਿਸ ਕਾਰਨ ਅਰਦਾਸ ਕੀਤੀ ਹੋਵੇ, ਇਸ ਦੀ ਸਫਲਤਾ ਜਾਂ ਇਸ ਦੀ ਰਖਿਆ ਲਈ। ਕੇਵਲ ਇਹ ਹੀ ਪ੍ਰਗਟ ਹੁੰਦਾ ਹੈ ਕਿ ਅਰਦਾਸ ਗੁਰੂ ਨੇ ਰਖਿਆ ਲਈ ਕੀਤੀ ਹੈ।

ਦੂਸਰੀ ਸ਼ਹਾਦਤ ਮੈਕਾਲਫ ਦੀ ਹੈ ਉਹ ਲਿਖਦਾ ਹੈ ਕਿ ਗੁਰੂ ਜੀ ਨੇ ਖੁਸਰੋ ਨੂੰ ਪੰਜ ਹਜ਼ਾਰ ਰੁਪੈ ਹਮਦਰਦੀ ਵਜੋਂ ਦਿਤੇ। ਪਰ ਇਹ ਗੱਲ ਇਸ ਨਾਲ ਸਿੱਧ ਨਹੀਂ ਹੁੰਦੀ ਕਿ ਗੁਰੂ ਜੀ ਬਗਾਵਤ ਵਿਚ ਭਾਈਵਾਲ ਸਨ। ਸੋ ਖੁਸਰੋ ਗੁਰੂ ਜੀ ਪਾਸ ਜ਼ਰੂਰ ਆਇਆਂ ਹੈ।

(੨) ਭਾਗ (ਅ) ਲੇਖਕ ਜੀ ਤੁਸੀਂ ਆਪ ਹੀ ਹਿਸਾਬ ਲਾਓ ਕਿ ਜਹਾਂਗੀਰ ੭ ਮਈ ੧੬੦੬ ਨੂੰ ਆਇਆ ਤੇ ੩੦ ਮਈ ੧੬੦੬ ਈ: ਨੂੰ ਗੁਰੂ ਜੀ ਸ਼ਹੀਦ ਹੋ ਗਏ। ੨੦ ਦਿਨਾਂ ਵਿਚ ਹੀ ਸਭ ਕੁਝ ਹੋ ਗਿਆ। ਚੁਗਲਖੋਰਾਂ ਚੁਗਲੀਆਂ ਕਰਕੇ ਤੁਅਸਬੀ ਜਹਾਂਗੀਰ ਦੀ ਕ੍ਰੋਧ ਦੀ ਅੱਗ ਨੂੰ ਪ੍ਰਚੰਡ ਕੀਤਾ। ਕਿਹੜਾ ਸਮਾਂ ਸੀ ਜਦ ਜਹਾਂਗੀਰ ਨੇ ਗੁਰੂ ਜੀ



Sri Satguru Jagjit Singh Ji eLibrary NamdhariElibrary@gmail.com

ਵਲ ਉਂਗਲ ਨਾ ਉਠਾਈ ? ਲਾਹੌਰ ਆਉਣ ਤੇ ਹੀ ਗੁਰੂ ਜੀ ਨੂੰ ਬੁਲਾ ਲਿਆ ਤੇ ਬਿਨਾਂ ਸੋਚੇ ਸਮਝੇ ਸ਼ਹੀਦ ਕਰ ਦਿਤਾ ਸੀ।

(੩) ਤਿਲਕ ਬਾਰੇ ਜਹਾਂਗੀਰ ਨੇ ਲਿਖਿਆ ਕਿ ਗੁਰੂ ਜੀ ਨੇ ਖੁਸਰੋ ਨੂੰ ਤਿਲਕ ਲਾਇਆ। ਮੇਰੀ ਵੀ ਇਸ ਨਾਲ ਸਹਿਮਤੀ ਨਹੀਂ ਕਿ ਗੁਰੂ ਜੀ ਨੇ ਤਿਲਕ ਲਾਇਆ ਹੋਵੇ, ਕਈ ਲਿਖਾਰੀ ਤਿਲਕ ਲਾਉਣ ਨਾਲ ਸਹਿਮਤੀ ਪਰਗਟ ਕਰਦੇ ਹਨ ਜਿਵੇਂ, A simple study of History of the Punjab. ਦੇ ਕਰਤਾ ਗੁਰਬਖਸ਼ ਸਿੰਘ, ਇੰਦਰਜੀਤ ਚਾਵਲਾ ਪੰਨਾ ੧੫੨ ਤੇ ਲਿਖਦੇ ਹਨ, ਗੁਰੂ ਜੀ ਦਾ ਖੁਸਰੋ ਦੇ ਮਸਤਕ ਤੇ ਤਿਲਕ ਲਾਉਣ ਦਾ ਅਰਥ ਸ਼ਹਿਜ਼ਾਦੇ ਨੂੰ ਹਿੰਦੋਸਤਾਨ ਦਾ ਰਾਜ ਮਿਲਣ ਦੀ ਅਸੀਸ ਨਹੀਂ ਸਮਝਿਆ ਜਾ ਸਕਦਾ। ਇਹ ਸ਼ਾਇਦ ਸ਼ਹਿਜ਼ਾਦੇ ਨੂੰ ਮਹਾਨਤਾ ਦੇਣ ਲਈ ਕੀਤਾ ਹੋਵੇ। ਮੈਂ ਹੁਣ ਟਿੱਕੇ ਜਾਂ ਤਿਲਕ ਦਾ ਸਿੱਖ ਧਰਮ ਨਾਲ ਸਬੰਧਤ ਹੋਣ ਦਾ ਜ਼ਿਕਰ ਕਰਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੀਕ ਤਿਲਕ ਲਾਉਣਾ ਬੁਰਾ ਨਹੀਂ ਸੀ ਸਮਝਿਆ ਜਾਂਦਾ ਬਲਕਿ ਪੁਰਾਤਨ ਸਿੱਖ ਮੱਥੇ ਤੇ ਟਿੱਕਾ ਲਾਉਂਦੇ ਸਨ ਜਿਵੇਂ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ :

ਅੰਮ੍ਰਿਤ ਵੇਲੇ ਉਠ ਕੇ ਜਾਇ ਅੰਦਰ ਦਰਿਆ ਨਵੰਦੇ
ਸਹਿਜ ਸਮਾਧ ਅਗਾਧ ਵਿਚ ਇਕ ਮਨ ਹੋ
ਗੁਰ ਜਾਪ ਜਪੰਦੇ
ਮੱਥੇ ਟਿੱਕਾ ਲਾਲ ਲਾਇ ਸਾਧ ਸੰਗਤ
ਚਲ ਜਾਇ ਬਹੰਦੇ
ਸਬਦ ਸੁਰਤ ਲਿਵ ਲੀਨ ਹੋਇ
ਸਤਿਗੁਰ ਬਾਣੀ ਗਾਵ ਸੁਣੰਦੇ
ਭਾਇ ਭਗਤਿ ਭੈ ਵਰਤਮਾਨ
ਗੁਰ ਸੇਵਾ ਗੁਰਪੁਰਬ ਕਰੰਦੇ
ਸੰਝੇ ਸੋਦਰ ਗਾਵਨਾਂ
ਮਨ ਮੇਲੀ ਕਰ ਮੇਲ ਕਰੰਦੇ
ਰਾਤੀ ਕੀਰਤ ਸੋਹਲਾ, ਕਰ ਆਰਤੀ
ਪ੍ਰਸਾਦਿ ਵਡੰਦੇ
ਗੁਰਮਖ ਸੁਖ ਫਲ ਪ੍ਰਿਮ ਚਖੰਦੇ

ਇਸ ਵਾਰ ਤੋਂ ਭਲੀ ਭਾਂਤ ਹੀ ਸਿੱਧ ਹੁੰਦਾ ਹੈ ਕਿ ਪਹਿਲਾਂ ਪਹਿਲ ਸਿੱਖਾਂ ਵਿਚ ਟਿੱਕੇ ਦਾ ਰਵਾਜ ਸੀ। ਕਦੀ ਲੇਖਕ ਸ੍ਰੀ ਹਜ਼ੂਰ ਸਾਹਿਬ ਜਾਣ ਤਾਂ ਉਥੇ ਵੇਖਣ ਰੋਜ਼ ਸ਼ਾਮ ਦੇ ਦੀਵਾਨ ਵਿਚ ਚੰਦਨ ਆਦਿ ਰਗੜ ਕੇ ਸਿੱਖਾਂ ਨੂੰ ਮੱਥੇ ਤੇ ਤਿਲਕ ਲਾਉਂਦੇ ਹਨ। ਸਾਰੇ ਗੁਰੂ ਸਾਹਿਬਾਨ ਨੂੰ ਜਦ ਗੁਰਗੱਦੀ ਮਿਲਦੀ ਰਹੀ ਤਾਂ ਬਾਬਾ ਬੁੱਢਾ ਜੀ ਆਦਿ ਸਤਿਗੁਰਾਂ ਦੇ ਮੱਥੇ ਤੇ ਤਿਲਕ ਲਾਉਂਦੇ ਰਹੇ। ਜਦ ਮਹਾਰਾਜ ਰਣਜੀਤ ਸਿੰਘ ਪੰਜਾਬ ਰਾਜ ਦੀ ਗੱਦੀ ਤੇ ਬੈਠਣ ਲੱਗੇ ਤਾਂ ਆਪਜੀ ਨੂੰ ਬਾਬਾ ਸਾਹਿਬ ਸਿੰਘ ਬੇਦੀ ਨੇ ਮੱਥੇ ਤੇ ਤਿਲਕ ਲਾਇਆ।ਵੇਖੋ ਸਿੱਖ ਰਾਜ ਦੇ ਉਸਰੀਏ ਪੁਸਤਕ ਲਿਖਤ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਪੰਨਾ ੧੦੯ ਅਤੇ ਸੀਤਾ ਰਾਮ ਦੀ ਲਿਖਤ ੭੭ ਪੰਨਾ ਇਸ ਤੋਂ ਬਿਨਾਂ ਜਦ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਦੀ ਹੋਣ ਲਗੀ ਤਾਂ ਸਾਹਿਬਾਂ ਦੇ ਮੱਥੇ ਤੇ ਤਿਲਕ ਲਾਇਆ ਜਿਸਦੀ ਸੋਭਾ ਚੰਦਰਮਾ ਵਰਗੀ ਲਿਖੀ ਹੈ। ਵੇਖੋ ਸੂਰਜ ਪ੍ਰਕਾਸ਼ ਗੁਰੂ ਜੀ ਦਾ ਵਿਆਹ) ਮੇਰੇ ਖਿਆਲ ਵਿਚ ਟਿੱਕੇ ਦਾ ਰਵਾਜ ਪਹਿਲਾਂ ਸਿੱਖਾਂ ਵਿਚ ਸੀ ਪਰ ਜਦੋਂ ਸੁਧਾਰਕ ਲਹਿਰਾਂ ਜਿਵੇਂ ਨਾਮਧਾਰੀ, ਸਿੰਘ ਸਭਾ, ਅਕਾਲੀ ਲਹਿਰ ਵਜੂਦ ਵਿਚ ਆਈਆਂ ਤਾਂ ਟਿੱਕੇ ਦੀ ਰਸਮ ਅਲੋਪ ਹੁੰਦੀ ਗਈ। ਇਹ ਕਹਿਣਾ ਗਲਤ ਹੈ ਕਿ ਕੇਸਰ ਦੀ ਤਿਲਕ ਲਗਾਉਣ ਦੀ ਰਸਮ ਸਿਰਫ ਹਿੰਦੂਆਂ ਵਿਚ ਹੀ ਪ੍ਰਚਲਤ ਸੀ ਸਿੱਖਾਂ ਵਿਚ ਨਹੀਂ।

(੪) ਦੀਵਾਨ ਚੰਦੂ ਬਾਰੇ :—ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਚੰਦੂ ਹੀ ਗੁਰੂ ਜੀ ਦੀ ਸ਼ਹਾਦਤ ਦਾ ਜ਼ੁਮੇਵਾਰ ਨਹੀਂ। ਇਹ ਜ਼ੁਮੇਵਾਰੀ ਜਹਾਂਗੀਰ ਨੇ ਆਪਣੀ ਪੁਸਤਕ ਵਿਚ ਲੈ ਲਈ ਹੈ ਪਰ ਚੰਦੂ ਨੂੰ ਉੱਕਾ ਹੀ ਬੇਕਸੂਰ ਨਹੀਂ ਗਰਦਾਨਿਆ ਜਾ ਸਕਦਾ। ਇਹ ਜ਼ਰੂਰੀ ਨਹੀਂ ਕਿ ਇਸ ਦਾ ਜ਼ਿਕਰ ਜਹਾਂਗੀਰ ਆਪਣੀ ਪੁਸਤਕ ਵਿਚ ਕਰਦਾ। ਦੀਵਾਨ ਚੰਦੂ ਜਹਾਂਗੀਰ ਦੇ ਸਮੇਂ ਅਰਥ ਮੰਤ੍ਰੀ ਸੀ ਵੇਖੋ Simple study of History Punjab page ੧੫੩, ਚੰਦੂ ਸ਼ਾਹ ਦੀ ਗੁਰੂ ਜੀ ਨਾਲ ਨਿਜੀ ਦੁਸ਼ਮਣੀ ਦੇ ਸਿਰਲੇਖ ਹਨ।

ਇਸ ਪੁਸਤਕ ਦਾ ਕਰਤਾ ਲਿਖਦਾ ਹੈ ਕਿ ਚੰਦੂ ਆਪਣੀ ਪੁਤਰੀ ਸਦਾ ਕੌਰ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਨਾਲ ਕਰਨਾ ਚਾਹੁੰਦਾ ਸੀ ਪਰ ਇਸ ਦੀ ਹੈਂਕੜਬਾਜ਼ੀ ਨੂੰ ਵੇਖ ਕੇ ਇਸ ਦਾ ਰਿਸ਼ਤਾ ਪ੍ਰਵਾਨ ਨਾ ਕੀਤਾ ਗਿਆ। ਚੰਦੂ ਗੁਰੂ ਜੀ ਦਾ ਦੁਸ਼ਮਣ ਬਣ ਗਿਆ। ਜਹਾਂਗੀਰ ਦੇ ਹੁਕਮ ਅਨੁਸਾਰ ਚੰਦੂ ਦੀ ਦੇਖ ਰੇਖ ਵਿਚ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ।

ਸਾਰੇ ਇਤਹਾਸਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਜਹਾਂਗੀਰ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਸਪੁਰਦ ਕੀਤਾ। ਚੰਦੂ ਦਾ ਕਾਲਾ ਮੂੰਹ ਕਰਕੇ ਲਾਹੌਰ ਵਿਚ ਫੇਰਿਆ ਗਿਆ ਅਤੇ ਗੁਰੂ ਅਰਜਨ ਦੇਵ ਜੀ ਦੇ ਸੀਸ ਵਿਚ ਰੇਤ ਪਾਉਣ ਵਾਲੇ ਭੜਭੂੰਜੇ ਹਥੋਂ ਮਰਿਆ। ਸੋ ਉਪਰ ਲਿਖੀ ਜਾਣਕਾਰੀ ਪਾਠਕਾਂ ਦੀ ਦਰਿਸ਼ਟੀ ਗੋਚਰ ਕੀਤੀ ਹੈ। ਪਾਠਕ ਇਸ ਦਾ ਆਪ ਨਿਰਨਾ ਕਰਨ।

[ਪਿੰਡ ਬੁਸੋਵਾਲ ਡਾਕਖਾਨਾ ਸੁਲਤਾਨਪੁਰ, ਕਪੂਰਥਲਾ



Sri Satguru Jagjit Singh Ji eLibrary NamdhariElibrary@gmail.com

# ਸ਼ਾਹਪੁਰ ਦਾ ਕਿਲਾ

—ਡਾ: ਨਰੇਸ਼

ਤੋਮਰ ਰਾਜਪੂਤਾਂ ਦੀ ਜਿਹੜੀ ਰਿਆਸਤ ਸੰਨ ਇਕ ਹਜ਼ਾਰ ਦੇ ਨੇੜੇ-ਤੇੜੇ ਕਾਇਮ ਹੋਈ ਸੀ, ਉਸੇ ਦਾ ਨਾਂ ਅੱਗੇ ਚੱਲਕੇ ਰਿਆਸਤ 'ਨੂਰਪੁਰ' ਪਿਆ। ਨੂਰਪੁਰ ਸ਼ਹਿਰ ਇਸ ਰਿਆਸਤ ਦੀ ਰਾਜਧਾਨੀ ਬਨਣ ਤੋਂ ਪਹਿਲਾਂ, ਪਠਾਨਕੋਟ ਇਸਦੀ ਰਾਜਧਾਨੀ ਹੁੰਦਾ ਸੀ। ਸਤਾਰਵੀਂ ਸਦੀ ਦੇ ਆਰੰਭ ਵਿਚ ਇਸ ਰਿਆਸਤ ਦੀ ਰਾਜਧਾਨੀ ਜਿਸ ਥਾਂ ਤੇ ਤਬਦੀਲ ਹੋਈ, ਉਸਦਾ ਨਾਂ 'ਦਰਮਾਰੀ' ਸੀ, ਪਰ ਰਾਜਧਾਨੀ ਤਬਦੀਲ ਹੁੰਦਿਆਂ ਹੀ ਰਾਜਪੂਤ ਰਾਜਿਆਂ ਨੇ ਮੁਗਲ ਬਾਦਸ਼ਾਹ ਜਹਾਂਗੀਰ ਪ੍ਰਤੀ ਆਪਣੀ ਅਧੀਨਗੀ ਦਾ ਪਰੀਚੈ ਦਿੰਦਿਆਂ ਹੋਇਆਂ ਇਸਦਾ ਨਾਂ 'ਨੂਰ-ਉਦ-ਦੀਨ ਜਹਾਂਗੀਰ' ਦੇ ਨਾਂ ਤੇ 'ਨੂਰਪੁਰ' ਰੱਖ ਦਿੱਤਾ। ਸ਼ਾਹਜਹਾਂ ਦੇ ਸਮੇਂ ਇਸ ਰਿਆਸਤ ਵਿਚ ਚੱਕੀ ਅਤੇ ਰਾਵੀ ਦੇ ਵਿਚਕਾਰਲੇ ਹਿੱਸੇ ਨੂੰ ਕੱਟ ਕੇ ਇਕ ਹੋਰ ਰਿਆਸਤ ਪੈਦਾ ਕੀਤੀ ਗਈ। ਰਾਜਾ ਜਗਤ ਸਿੰਘ ਦਾ ਭਰਾ ਭਾਉ ਸਿੰਘ ਇਸਦਾ ਰਾਜਾ ਥਾਪਿਆ ਗਿਆ। ਨੂਰਪੁਰ ਤੋਂ ਟੁੱਟ ਕੇ ਬਣੀ ਇਸ ਨਵੀਂ ਰਿਆਸਤ ਨੇ ਜਿਸ ਥਾਂ ਨੂੰ ਆਪਣੀ ਰਾਜਧਾਨੀ ਬਨਾਉਣ ਲਈ ਚੁਣਿਆ, ਉਸਦਾ ਨਾਂ 'ਸ਼ਾਹਜਹਾਂ' ਦੇ ਨਾਂ ਤੇ 'ਸ਼ਾਹਪੁਰ ਰੱਖਿਆ ਗਿਆ ਅਤੇ ਇਸ ਸਥਾਨ ਤੇ ਮੌਜੂਦ ਰਾਜਪੂਤਾਂ ਦਾ ਇਕ ਪੁਰਾਤਨ ਕਿਲਾ ਪਠਾਨਕੋਟ ਦੇ ਉੱਤਰੀ ਭਾਗ ਦੇ ਪਹਾੜੀ ਰਾਜ ਦੀਆਂ ਅਨੇਕਾਂ ਘਟਨਾਵਾਂ ਦੀ ਸਾਖੀ ਭਰ ਰਿਹਾ ਹੈ।

ਪਠਾਨਕੋਟ ਤੋਂ 'ਪਠਾਨੀਆਂ' ਅੱਲ ਲੈਕੇ ਨਿਕਲੀ ਰਾਂਜਪੂਤਾਂ ਦੀ ਜਿਸ ਸ਼ਾਖ਼ ਨੂੰ ਸ਼ਾਹਪੁਰ ਦੀ ਹਕੂਮਤ ਨਸੀਬ ਹੋਈ, ਉਸਦੇ ਸੰਬੰਧ ਭਾਵੇਂ ਮੁਗ਼ਲਾਂ ਨਾਲ ਬਹੁਤ ਹੀ ਵਧੀਆ ਸਨ, ਪਰ ਆਪਣੇ ਰਾਜ ਦੀ ਪ੍ਰਤਿਸ਼ਠਾ ਲਈ, ਰਾਜਧਾਨੀ ਵਿਚ ਇਕ ਕਿਲੇ ਦੀ ਹੋਂਦ ਜ਼ਰੂਰੀ ਸੀ। ਇਹ ਜ਼ਰੂਰਤ ਪੂਰੀ ਕੀਤੀ ਜਸਪਾਲ ਸਿੰਘ ਪਠਾਨੀਆ ਨੇ। ਆਪਣੀ ਹੋਂਦ ਦੇ ਮੁੱਢਲੇ ਸਮੇਂ ਤੋਂ ਇਸ ਕਿਲੇ ਨੂੰ ਨਾ ਤੋਪਾਂ ਦੀ ਗੜਗੜ ਦੀ ਲੋੜ ਪਈ ਅਤੇ ਨਾ ਤੀਰ-ਅੰਦਾਜ਼ਾਂ ਤੇ ਨੇਜ਼ਾਬਰਦਾਰਾਂ ਨੂੰ ਇਸਦੀ ਰਾਖੀ ਦੀ। ਮੁਗ਼ਲਾਂ ਦੀ ਮਿਹਰ ਸਦਕਾ ਬਣੀ ਇਹ ਰਿਆਸਤ ਕਿਸੇ ਵੀ ਪ੍ਰਕਾਰ ਦੇ ਤੌਖਲੇ ਤੋਂ ਨਿਸ਼ਚਿੰਤ ਸੀ, ਇਸ ਕਿਲੇ ਨੇ ਜੰਗਾਂ ਵੇਖਣ ਦੀ ਥਾਂ ਰਾਜਸੀ ਠਾਠਬਾਠ ਵੇਖਣਾ ਆਰੰਭ ਕੀਤਾ। ਸੁੱਖ-ਸਮ੍ਰਿਧੀ ਦਾ ਇਹ ਦੌਰ ਉਦੋਂ ਤਕ ਚਲਦਾ ਰਿਹਾ ਜਦੋਂ ਤੱਕ ਸਿੱਖਾਂ ਨੇ ਇਸ ਪਾਸੇ ਦਾ ਰੁਖ਼ ਨਹੀਂ ਕੀਤਾ। ਸਿੱਖਾਂ ਦੇ ਇਸ ਪਾਸੇ ਆਉਣ ਤੇ ਵੀ ਭਾਵੇਂ ਇਸ ਕਿਲੇ ਨੇ ਕੋਈ ਖ਼ੂਨ ਖ਼ਰਾਬਾ ਨਹੀਂ ਵੇਖਿਆ, ਪਰ ਇਸਦੇ ਬੁੱਢੇ ਹੱਡਾਂ ਨੇ ਉਸ ਤਬਦੀਲੀ ਨੂੰ ਜ਼ਰੂਰ ਮਹਿਸੂਸ ਕੀਤਾ ਜੋ ਰਾਜਪੂਤੀ ਰਾਜ ਦੀ ਸਮਾਪਤੀ ਤੇ ਸਿੱਖ ਰਾਜ ਦੇ ਆਰੰਭ ਦਾ ਸਿੱਟਾ ਸੀ। ਸੰਨ ੧੮੧੬ ਵਿਚ, ਜਦੋਂ ਰਣਜੀਤ ਸਿੰਘ ਨੇ ਪਠਾਨਕੋਟ ਦੇ ਆਸਪਾਸ ਦੇ ਇਲਾਕੇ ਤੇ ਕਬਜ਼ਾ ਕੀਤਾ ਤਾਂ ਇਸ ਕਿਲੇ ਨੇ ਵੀ ਸ਼ੇਰੇ-ਪੰਜਾਬ ਦੇ ਸਾਹਮਣੇ ਸਿਰ ਝੁਕਾ ਦਿੱਤਾ।

ਆਪਣੇ ਜਨਮ ਦੇ ਨਾਲ ਹੀ ਇਸ ਕਿਲੇ ਦੀਆਂ ਅੱਖਾਂ ਨੇ ਉਸ ਨਹਿਰ ਦੇ ਜਨਮ ਦਾ ਨਜ਼ਾਰਾ ਡਿੱਠਾ, ਜਿਸਨੂੰ ਸੰਨ ੧੬੩੯ ਵਿਚ ਇਸ ਲਈ ਜਨਮ ਲੈਣਾ ਪਿਆ ਸੀ ਕਿਉਂਕਿ ਉਸਦੇ ਰਾਹੀਂ ਰਾਵੀ ਦੇ ਪਾਣੀ ਨੇ ਸ਼ਾਲਾਮਾਰ ਬਾਗ਼ ਦੀ ਆਬਯਾਰੀ ਲਈ ਲਾਹੌਰ ਜਾਣਾ ਸੀ। ਬਾਲਪੁਣੇ ਦੀ ਉਮਰ ਵਿਚ ਇਸਨੇ ਅਲੀ ਮਰਦਾਨ ਖ਼ਾਂ ਨੂੰ ਇਹ ਨਹਿਰ ਤਾਮੀਰ ਕਰਾਉਂਦਿਆਂ ਵੇਖਿਆ ਅਤੇ ਮਹਿਸੂਸ ਕੀਤਾ ਕਿ ਲਾਹੌਰ ਨਾਲ ਸ਼ਾਹਪੁਰ ਦਾ ਰਿਸ਼ਤਾ ਹੋਰ ਵੀ ਗੂੜ੍ਹਾ ਹੋ ਗਿਆ ਹੈ।

ਫਿਰ ਹੋਰਨਾਂ ਅਨੇਕਾਂ ਕਿਲਿਆ ਵਾਂਗ ਇਹ ਕਿਲਾ ਵੀ ਅੰਗਰੇਜ਼ਾਂ ਦੇ ਕਦਮਾਂ ਹੇਠ ਲਿਤਾੜਿਆ ਗਿਆ। ਸਰੀਰਕ ਤੌਰ ਤੇ ਅੰਗਰੇਜ਼ਾਂ ਦਾ ਗ਼ੁਲਾਮ ਹੋਕੇ ਵੀ ਇਸ ਕਿਲੇ ਦੀ ਆਤਮਾ ਭਾਰਤ ਦੀ ਆਜ਼ਾਦੀ ਲਈ ਤੜਫਦੀ ਰਹੀ, ਅਤੇ ਸੰਨ ੧੮੪੮ ਦੀ ਇਕ ਰਾਤ ਨੂੰ ਇਸਨੇ ਰਾਜਾ ਬੀਰ ਸਿੰਘ ਦੇ ਵਜ਼ੀਰਜ਼ਾਦੇ ਰਾਮ ਸਿੰਘ ਅਤੇ ਉਸਦੇ ਸੂਰਬੀਰ ਸਾਥੀਆਂ ਨੂੰ ਆਪਣੀ ਬੁੱਕਲ ਵਿਚ ਥਾਂ ਦੇ ਕੇ ਇਕ ਅਜਿਹਾ ਹੰਭਲਾ ਮਾਰਿਆ, ਜੋ ਭਾਰਤੀ ਆਜ਼ਾਦੀ ਦੀ ਇਕ ਮਹਤਵਪੂਰਨ ਘਟਨਾ ਹੁੰਦਿਆਂ ਹੋਇਆਂ ਵੀ, ਇਤਿਹਾਸ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਕਰ ਸਕੀ ਹੈ। ਇਹ ਘਟਨਾ ਹੈ ਸੰਨ ੧੮੪੮ ਦੀ ਬਗਾਵਤ। ਰਾਮ ਸਿੰਘ ਨੇ ਜੰਮੂ ਦੇ ਇਲਾਕੇ ਚੋਂ ਆਪਣੇ ਯੋਧੇ ਸਾਥੀ ਇਕੱਠੇ ਕੀਤੇ ਅਤੇ ਰਾਵੀ ਪਾਰ ਕਰਕੇ ਇਸ ਕਿਲੇ ਵਿਚ ਆ ਗਿਆ। ਉਸੇ ਰਾਤ ਉਸਨੇ ਢੋਲ-ਢਮੱਕੇ ਨਾਲ ਐਲਾਨ ਕੀਤਾ ਕਿ, "ਅੱਜ ਤੋਂ ਇਸ ਇਲਾਕੇ ਤੇ ਅੰਗਰੇਜ਼ਾਂ ਦਾ ਰਾਜ ਸਮਾਪਤ ਹੁੰਦਾ ਹੈ। ਇਸ ਇਲਾਕੇ ਦਾ ਰਾਜਾ ਹੈ ਦਲੀਪ ਸਿੰਘ ਤੇ ਰਾਮ ਸਿੰਘ ਉਸਦਾ ਮੰਤਰੀ ਹੈ।"

ਕਿਲੇ ਤੇ ਕਬਜ਼ਾ ਹੋਣ ਦੀ ਇਹ ਖ਼ਬਰ ਤੇਜ਼ ਰਫਤਾਰੀ ਨਾਲ ਹੁਸ਼ਿਆਰਪੁਰ ਪੁੱਜੀ। ਹੁਸ਼ਿਆਰਪੁਰ ਤੋਂ ਅੰਗਰੇਜ਼ੀ ਫੌਜ ਇਸ ਕਿਲੇ ਵੱਲ ਨੂੰ ਨੱਸ ਤੁਰੀ। ਰਾਮ ਸਿੰਘ ਜਿੰਨਾ ਚਿਰ ਮੁਕਾਬਲਾ ਕਰ ਸਕਦਾ ਸੀ, ਕਰਦਾ ਰਿਹਾ; ਪਰ ਅਖੀਰ ਮੁੱਠੀ ਭਰ ਸਾਥੀਆਂ ਨਾਲ ਉਸਤੋਂ ਇਸ ਕਿਲੇ ਦੀ ਹਿਫਾਜ਼ਤ ਅਸੰਭਵ ਹੋ ਗਈ। ਮੁੜ ਅੰਗਰੇਜ਼ਾਂ ਦੇ ਹੱਥ ਆਉਣ ਤੋਂ ਪਹਿਲਾਂ ਇਸ ਕਿਲੇ ਦੀਆਂ ਬੁੱਢੀਆਂ ਕੰਧਾਂ ਨੇ, ਰਾਤ ਦੇ ਹਨੇਰੇ ਵਿਚ, ਰਾਮ ਸਿੰਘ ਨੂੰ ਫਰਾਰ ਹੁੰਦਿਆਂ ਵੇਖਿਆ ਤੇ



Sri Satguru Jagjit Singh Ji eLibrary NamdhariElibrary@gmail.com

ਉਸਦੇ ਇਸ ਸ਼ਲਾਘਾਯੋਗ ਕਾਰਨਾਮੇ ਦੀ ਯਾਦ ਸੀਨੇ ਵਿਚ ਸਾਂਭ ਲਈ।

ਫਿਰ ਅਗਲੇ ਵਰ੍ਹੇ, ਸੰਨ ੧੮੪੯ ਵਿਚ, ਇਸ ਕਿਲ ਨੇ ਇਹ ਮਨਹੂਸ ਖ਼ਬਰ ਸੁਣੀ ਕਿ ਡੱਲਾਧਾਰ ਦੇ ਮੰਦਰ ਵਿਚ ਮਾਂ ਦੁਰਗਾ ਦੀ ਪੂਜਾ ਕਰਦੇ ਰਾਮ ਸਿੰਘ ਨੂੰ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਵਰਤਮਾਨ ਸਮੇਂ ਇਹ ਕਿਲਾ ਆਪਣੇ ਖੰਡਰ ਰੂਪ ਵਿਚ ਹੀ ਬਾਕੀ ਹੈ। ਇਸਦਾ ਜਾਹੋ-ਜਲਾਲ, ਇਸਦੀ ਸੁੰਦਰਤਾ, ਇਸਦੀ ਆਬੋਤਾਬ ਕਦੋਂ ਦੀ ਸਮਾਪਤ ਹੋ ਚੁੱਕੀ ਹੈ। ਸਮੇਂ ਦੀ ਗਰਦਿਸ਼ ਨੇ ਇਸਦੀ ਹਿੱਕ ਤੇ ਇਕ ਖ਼ੂਬਸੂਰਤ ਬੰਗਲਾ ਉਗਾ ਦਿੱਤਾ ਹੈ, ਜੋ ਹੁਣ 'ਟੂਰਿਸਟ ਬੰਗਲੋ' ਅਖਵਾਉਂਦਾ ਹੈ। ਪਰ ਅਜੇ ਵੀ ਇਸ ਕਿਲੇ ਦੇ ਖੰਡਰਾਤ ਇਸਦੀ ਪਛਾਣ ਸੁਖਾਲੀ ਕਰ ਰਹੇ ਹਨ।

ਮੁਖੀ ਭਾਈ ਵੀਰ ਸਿੰਘ, ਚੇਅਰ
ਪੰਜਾਬ ਯੂਨੀਵਰਸਟੀ ਚੰਡੀਗੜ੍ਹ

With best compliments from :

**MEX**
**SWITCHGEAR**
**PVT. LTD.**

**Tanda Road, JALANDHAR.**

**Phone : 72116**

## ਤੰਮਾਕੂ ਪੀਣ ਨਾਲ ਸੰਸਾਰ ਵਿਚ ਹਰ ਸਾਲ ੨੫ ਲੱਖ ਮੌਤਾਂ

ਸੋਵੀਅਤ ਯੂਨੀਅਨ (ਰੂਸ) ਨੇ ਸਾਰੇ ਦੇਸ਼ ਦੇ ਪਧਰ ਤੇ ਤੰਮਾਕੂ ਨੋਸ਼ੀ ਵਿਰੁਧ ਪ੍ਰੋਗਰਾਮ ਨੂੰ ਫੈਲਾਣਾ ਤੇ ਵਧਾਉਣਾ ਆਰੰਭ ਕਰ ਦਿਤਾ ਹੈ। ਇਹ ਗਲ ਦੇਸ਼ ਦੇ ਡਾਕਟਰੀ ਵਿਗਿਆਨਾਂ ਦੀ ਅਕਾਦਮੀ ਦੇ ਉਪ ਪ੍ਰਧਾਨ ਅਲੈਗਜ਼ਾਂਦਰ ਚੂਚਲਿਨ ਨੇ ਰੂਸੀ ਸਮਾਚਾਰ ਤਾਸ ਨੂੰ ਦਸੀ ਹੈ। ਸਾਰੇ ਸੰਸਾਰ ਵਿਚ ਤਮਾਕੂ ਤੋਂ ਮੁਕਤੀ ਦੇ ਦਿਨ ੩੧ ਮਈ ਸਬੰਧੀ ਉਹ ਗਲ ਕਰ ਰਹੇ ਸਨ।

ਇਸ ਪ੍ਰੋਗਰਾਮ ਅਨੁਸਾਰ ਬਹੁਤ ਵਡੀ ਪਧਰ ਤੇ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿਚ ਸਾਇੰਸ ਤੇ ਡਾਕਟਰੀ ਇਲਾਜ ਦੇ ਪ੍ਰੋਗਰਾਮ, ਵਿਦਿਅਕ ਖੇਤਰ ਵਿਚ ਪਰਚਾਰ ਮੁਹਿੰਮਾਂ ਸ਼ਾਮਲ ਹਨ। ਲੋਕਾਂ ਦੀ ਰਾਇ ਦੀ ਗਣਨਾ ਵੀ ਕੀਤੀ ਜਾਣੀ ਹੈ। ਇਸ ਵਿਚ ਹਿਸਾ ਲੈ ਰਹੇ ਵਿਗਿਆਨੀ ਅਤੇ ਚਕਿਤਸਾ ਵਿਗਿਆਨੀਆਂ ਦਾ ਇਕ ਸੁਝਾਅ ਇਹ ਵੀ ਹੈ ਕਿ ਕੁਲ ਚਿਕਿਤਸਾ ਵਿਗਿਆਨੀਆਂ (ਡਾਕਟਰੀ ਸਾਇੰਸਦਾਨਾਂ) ਨੂੰ ਤਮਾਕੂ ਦਾ ਤਿਆਗ ਕਰ ਦੇਣਾ ਚਾਹੀਦਾ ਹੈ।

ਚੂਚਾਲਿਨ ਨੇ ਦਸਿਆ ਕਿ ਸੰਸਾਰ ਸਿਹਤ ਸੰਸਥਾ (ਡਬਲਿਊ. ਐਚ. ਓ.) ਦੇ ਅੰਕੜਿਆਂ ਮੁਤਾਬਕ ਤੰਮਾਕੂਨੋਸ਼ੀ ਨਾਲ ਹਰ ਸਾਲ ਲਗ ਭਗ ੨੫ ਲੱਖ ਮੌਤਾਂ ਹੁੰਦੀਆਂ ਹਨ। ਇਹ ਇਸਤਰੀਆਂ ਅਤੇ ਉਹਨਾਂ ਦੇ ਬਚਿਆਂ ਲਈ ਖਾਸ ਕਰਕੇ ਹਾਨੀ ਕਾਰਕ ਹੈ। ਤੰਮਾਕੂ ਨਾਲ ਉਹਨਾਂ ਨੂੰ ਅਣਗਿਣਤ ਰੋਗ ਲਗ ਜਾਂਦੇ ਹਨ। ਤੰਮਾਕੂ ਪੀਣ ਵਾਲਿਆਂ ਮਾਪਿਆਂ ਦੇ ਬਚਿਆਂ ਨੂੰ ਫੇਫੜੇ ਦਾ ਕੈਂਸਰ ਹੋਣ ਦੇ ਕੇਸ ਵੀ ਦਰਜ ਕੀਤੇ ਜਾ ਚੁਕੇ ਹਨ।

ਸੋਵੀਅਤ ਯੂਨੀਅਨ ਨੂੰ ਇਹ ਮੁਹਿੰਮ ਇਸਲਈ ਵੀ ਚਲਾਉਣੀ ਪਈ ਹੈ ਕਿਉਂਕਿ ਤਮਾਕੂਨੋਸ਼ੀ ਕਰਨ ਵਾਲੀਆਂ ਇਸਤਰੀਆਂ ਦੀ ਗਿਣਤੀ ਵਧ ਰਹੀ ਹੈ ਇਥੋਂ ਤਕ ਕਿ ਸਕੂਲੀ ਕੁੜੀਆਂ ਵਿਚ ਵੀ ਇਹ ਭੈੜੀ ਲਤ ਫੈਲ ਰਹੀ ਹੈ।

ਇਸ ਸਬੰਧ ਵਿਚ ਬਹੁਤ ਵਿਆਪਕ ਪਧਰ ਤੇ ਪਰਚਾਰ ਮੁਹਿੰਮ ਚਲਾਈ ਜਾ ਰਹੀ ਹੈ, ਖੋਜ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ ਅਤੇ ਤਮਾਕੂਨੋਸ਼ੀ ਨੂੰ ਖਤਮ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ।

×



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
,, : 2510345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JULY 1989
Registered with the Registrar of News Papers for India No. 26453/75


# 'POONAM'

PROUDLY PRODUCES

LIP-SMACKING
EPOCH-MAKING
MOUTH-WATERING

Delightful Delectable Delicious

# BISCUITS

*ALREADY INTRODUCED :*

Glucose, Roshni, Twinke, Orange
Pineapple, Elaichi Cream Biscuits
Fully geared to release Shortly Salty Quality Biscuits

## POONAM BISCUITS PVT. LTD.

E-23 M.I. D. C. Ind. Area
Chikalthana, Aurangabad-431210
Telephone : 8707
Telegrams : POONAM


ਐਡਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.



Sri Satguru Jagjit Singh Ji eLibrary NamdhariElibrary@gmail.com